# ਕੈਨੇਡਾ ਪੰਜਾਬ ਲਿੰਕ

WEEKLY NEWSPAPER VOL. : 10 ISSUE : 45 SATURDAY, 5 NOVEMBER, 2022

www.punjablinkpaper.com 604-503-5465



MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St.,Vancouver



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ


ਜਸਵੀਰ ਗਰੇਵਾਲ
778.317.6262
jasvirgrewal0596@gmail.com



ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੀਆਂ ਸਮੂਹ ਪਾਠਕਾਂ ਨੂੰ ਲੱਖ ਲੱਖ ਵਧਾਈਆਂ !


# ਬੀ.ਸੀ. ਸਰਕਾਰ ਵਲੋਂ ਫੈਮਿਲੀ ਡਾਕਟਰਾਂ ਲਈ ਨਵਾਂ ਪੇਮੈਂਟ ਮਾਡਲ ਜਾਰੀ

ਵੈਨਕੂਵਰ-ਸੋਮਵਾਰ ਸੂਬਾ ਸਰਕਾਰ ਵਲੋਂ ਫੈਮਿਲੀ ਡਾਕਟਰਾਂ ਲਈ ਐਲਾਨੇ ਨਵੇਂ ਪੇਮੈਂਟ ਮਾਡਲ ਦਾ ਮਤਲਬ ਬੀਸੀ ਵਿਚ ਫੈਮਿਲੀ ਡਾਕਟਰ ਕੈਨੇਡਾ ਵਿਚ ਸਭ ਤੋਂ ਵੱਧ ਤਨਖਾਹ ਲੈਣ ਵਾਲੇ ਲੋਕਾਂ ਦੇ ਨੇੜੇ ਹੋਣਗੇ। ਇਹ ਪੇਮੈਂਟ ਮਾਡਲ ਡਾਕਟਰਾਂ ਦੇ ਦੇਸ਼ ਵਿਚ ਸਭ ਤੋਂ ਘੱਟ ਤਨਖਾਹ ਲੈਣ ਵਾਲੇ ਲੋਕਾਂ ਵਿਚ ਸ਼ਾਮਿਲ ਹੋਣ ਦੇ ਰੁਤਬੇ ਵਿਚ ਨਾਟਕੀ ਤਬਦੀਲੀ ਹੈ। ਨਵਾਂ ਮਾਡਲ ਸੂਬਾ ਅਤੇ ਫਿਜੀਸ਼ਨ ਐਡਵੋਕੇਸੀ ਗਰੁੱਪਾਂ ਡਾਕਟਰਜ਼ ਆਫ ਬੀਸੀ ਅਤੇ ਬੀਸੀ ਫੈਮਿਲੀ ਡਾਕਟਰਜ਼ ਵਿਚਕਾਰ ਸਮਝੌਤਾ ਗੱਲਬਾਤ ਦਾ ਸਿੱਟਾ ਹੈ ਜਿਸ ਦਾ ਮਤਲਬ ਫੁੱਲ ਟਾਈਮ ਕੰਮ ਕਰਨ ਵਾਲਾ ਫੈਮਿਲੀ ਡਾਕਟਰ ਇਕ ਸਾਲ ਵਿਚ 1680 ਘੰਟੇ ਕੰਮ ਕਰਦਾ ਹੋਇਆ ਜਿਹੜਾ ਔਸਤਨ ਗੁੰਝਲਦਾਰ ਮਾਮਲਿਆਂ ਵਾਲੇ 1250 ਮਰੀਜ਼ਾਂ ਨੂੰ ਦੇਖੇਗਾ ਹੈ ਅਤੇ ਇਕ ਸਾਲ ਵਿਚ 5000 ਮਰੀਜ਼ਾਂ ਨਾਲ ਮੁਲਾਕਾਤ ਕਰੇਗਾ, 385000 ਡਾਲਰ ਦੀ ਕਮਾਈ ਕਰੇਗਾ। ਮਰੀਜ਼ ਦੀ ਸਮੱਸਿਆ ਦੀ ਗੰਭੀਰਤਾ ਦਾ ਖਿਆਲ ਨਾ ਕਰਦਿਆਂ 30 ਤੋਂ 40 ਡਾਲਰ ਪ੍ਰਤੀ ਫੇਰੀ ਦਾ ਭੁਗਤਾਨ ਕਰਨ ਦੀ ਬਜਾਏ ਫੈਮਿਲੀ ਡਾਕਟਰਾਂ ਨੂੰ ਮਰੀਜ਼ਾਂ ਨਾਲ ਬਤੀਤ ਕੀਤੇ ਸਮੇਂ, ਦਿਨ ਭਰ ਵਿਚ ਦੇਖੇ ਮਰੀਜ਼ਾਂ ਦੀ ਗਿਣਤੀ ਅਤੇ ਉਨ੍ਹਾਂ ਦੀ ਪ੍ਰੈਕਟਿਸ ਨਾਲ ਜੁੜੇ ਮਰੀਜ਼ਾਂ ਦੀ ਗਿਣਤੀ, ਮਰੀਜ਼ਾਂ ਦੇ ਮੁੱਦਿਆਂ ਦੀ ਗੁੰਝਲਤਾ ਅਤੇ ਉਨ੍ਹਾਂ ਦੇ ਦਫ਼ਤਰੀ ਖਰਚਿਆਂ ਦੇ ਆਧਾਰ 'ਤੇ ਭੁਗਤਾਨ ਕੀਤਾ ਜਾਵੇਗਾ। ਕੈਨੇਡੀਅਨ ਇਸਟੀਚਿਊਟ ਫਾਰ ਹੈਲਥ ਇਨਫਰਮੇਸ਼ਨ ਵਲੋਂ ਇਕੱਤਰ ਕੀਤੇ ਕੌਮੀ ਚਕਿਸਤਾ ਡਾਟਾਬੇਸ ਮੁਤਾਬਿਕ ਦੂਸਰੇ ਸੂਬਿਆਂ ਦੇ ਮੁਕਾਬਲੇ ਬੀਸੀ ਵਿਚ ਫੁੱਲ ਟਾਈਮ ਫੈਮਿਲੀ ਡਾਕਟਰਾਂ ਦਾ ਮੁਆਵਜ਼ਾ ਸਭ ਤੋਂ ਹੇਠਲੇ ਸਥਾਨ 'ਤੇ ਹੈ।



# ਹੈਲੋਵੀਨ ਪਾਰਟੀ ਦੌਰਾਨ ਪੰਜ ਲੋਕਾਂ 'ਤੇ ਚਾਕੂ ਨਾਲ ਹਮਲਾ



ਵੈਨਕੂਵਰ-ਹੈਲੋਵੀਨ ਤਿਉਹਾਰਾਂ ਨੇ ਐਤਵਾਰ ਸਵੇਰੇ ਉਸ ਸਮੇਂ ਘਟੀਆ ਮੋੜ ਲੈ ਲਿਆ ਜਦੋਂ ਪੰਜ ਵਿਅਕਤੀਆਂ ਨੂੰ ਚਾਕੂ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ। ਘਟਨਾ ਬਾਰੇ ਜਾਣਕਾਰੀ ਮਿਲਣ ਪਿੱਛੋਂ ਵੈਨਕੂਵਰ ਪੁਲਿਸ ਮੌਕੇ 'ਤੇ ਪੁੱਜੀ। ਸਨਿਚਰਵਾਰ ਰਾਤ ਹੈਲੋਵੀਨ ਦਾ ਜਸ਼ਨ ਮਨਾਉਣ ਲਈ ਬਾਰ, ਰੈਸਟੋਰੈਂਟ ਅਤੇ ਗ੍ਰੈਨਵਿਲ ਐਂਟਰਟੇਨਮੈਂਟ ਡਿਸਟ੍ਰਿਕਟ ਗਾਹਕਾਂ ਨਾਲ ਭਰੇ ਹੋਏ ਸਨ ਅਤੇ ਤੜਕਸਾਰ ਹਿੰਸਾ ਸ਼ੁਰੂ ਹੋ ਗਈ। ਓਕ ਸਟਰੀਟ ਅਤੇ ਵੈਸਟ ਬਰੌਡਵੇਅ ਨੇੜੇ ਇਕ ਬਾਰ ਵਿਚ ਦੋ ਗਰੁੱਪਾਂ ਵਿਚਕਾਰ ਲੜਾਈ ਦੌਰਾਨ ਅੱਧੀ ਰਾਤ 1.30 ਵਜੇ ਦੇ ਕਰੀਬ ਵਾਈਟ ਰੌਕ ਦੇ 20 ਦੇ ਦਹਾਕੇ ਦੇ ਤਿੰਨ ਵਿਅਕਤੀਆਂ ਨੂੰ ਚਾਕੂ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ। ਉਹ ਜਨਮ ਦਿਨ ਪਾਰਟੀ ਮਨਾਉਣ ਲਈ ਇਕੱਤਰ ਹੋਏ ਸਨ। ਗੰਭੀਰ ਰੂਪ ਵਿਚ ਜ਼ਖ਼ਮੀ ਹੋਏ ਤਿੰਨੇ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ ਹੈ। ਇਕ ਘੰਟੇ ਤੋਂ ਵੀ ਘੱਟ ਸਮਾਂ ਪਿੱਛੋਂ ਗ੍ਰੈਨਵਿਲ ਸਟਰੀਟ ਵਿਚ ਦੋ ਗਰੁੱਪਾਂ ਵਿਚਕਾਰ ਲੜਾਈ ਸ਼ੁਰੂ ਹੋ ਗਈ। ਜਿਥੇ 20 ਦੇ ਦਹਾਕੇ ਦੇ ਦੋ ਵਿਅਕਤੀਆਂ ਨੂੰ ਚਾਕੂ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ।


For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਜਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com



ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca



BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
778-723-6900



A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222



Keep Smiling Denture Clinic
- Complete Denture
- Implant Denture
- Partial Denture
- Reline, Rebase
- Emergency Repair
- Mouth / Night Guard
Open Seven Days | Care Home Mobile Service
ਜੇ ਤੁਹਾਡੇ ਇੱਕ, ਇੱਕ ਤੋ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
Office: 778-600.0811, Gagan@DenturistBC.com
Address : 13117, 67A Ave, Surrey, BC



Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA



Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com



ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
- ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca



TRANSource FREIGHTWAYS
*First Time Pin to Pin (ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112



ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey



ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

**Our history of successfully settling personal injury claims has garnered respect from our clients, and within the legal and rehabilitation communities in B.C.**



Adam Ueland
LAWYER

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

**"We have offices in Vancouver and Surrey/Delta."**

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 10 ISSUE : 45 SATURDAY, 5 NOVEMBER, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ 9 ਨੂੰ ਅਕਾਲੀ ਦਲ ਨੇ ਧਾਮੀ ਨੂੰ ਮੁੜ ਉਮੀਦਵਾਰ ਬਣਾਇਆ

## ਬੀਬੀ ਜਗੀਰ ਕੌਰ ਦੇ ਐਲਾਨ ਕਾਰਣ ਅਕਾਲੀ ਦਲ ਕਸੂਤਾ ਫਸਿਆ

ਅੰਮ੍ਰਿਤਸਰ (ਲਾਂਬਾ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 9 ਨਵੰਬਰ ਨੂੰ ਹੋਣ ਵਾਲੀ ਸ਼੍ਰੋਮਣੀ ਕਮੇਟੀ ਦੀ ਚੋਣ ਵਾਸਤੇ ਮੌਜੂਦਾ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਮੁੜ ਪਾਰਟੀ ਉਮੀਦਵਾਰ ਐਲਾਨ ਦਿੱਤਾ ਹੈ। ਇਸ ਦਾ ਖੁਲਾਸਾ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕੀਤਾ। ਉਨ੍ਹਾਂ ਇਸ ਸੰਬੰਧ ਵਿਚ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੇ ਟਵੀਟ ਨੂੰ ਸੋਸ਼ਲ ਮੀਡੀਆ 'ਤੇ ਜਾਰੀ ਕੀਤਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਲੜਨ ਲਈ ਐਲਾਨ ਕਰ ਚੁੱਕੀ ਬੀਬੀ ਜਗੀਰ ਕੌਰ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਮੁਅੱਤਲ ਕੀਤੇ ਜਾਣ ਤੋਂ ਬਾਅਦ ਪਾਰਟੀ ਵੱਲੋਂ ਲੀਹ ਤੋਂ ਹਟ ਕੇ ਇਕ ਹੋਰ ਵੱਡੀ ਕਾਰਵਾਈ ਕੀਤੀ ਗਈ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਵਾਲੇ ਦਿਨ ਹੀ ਜਨਰਲ ਇਜਲਾਸ ਦੌਰਾਨ ਪਾਰਟੀ ਉਮੀਦਵਾਰਾਂ ਦਾ ਐਲਾਨ ਕੀਤਾ ਜਾਂਦਾ ਹੈ। ਪਾਰਟੀ ਵੱਲੋਂ ਇਸ ਸਬੰਧੀ ਲਿਫਾਫੇ ਵਿਚ ਪ੍ਰਧਾਨ ਸਮੇਤ ਹੋਰ ਅਹੁਦੇਦਾਰਾਂ ਦੀ ਸੂਚੀ ਭੇਜੀ ਜਾਂਦੀ ਹੈ, ਜਿਸ ਦਾ ਮੌਕੇ 'ਤੇ ਹੀ ਐਲਾਨ ਕੀਤਾ ਜਾਂਦਾ ਹੈ ਪਰ ਇਸ ਵਾਰ ਬੀਬੀ ਜਗੀਰ ਕੌਰ ਨਾਲ ਚੱਲ ਰਹੀ ਖਿੱਚੋਤਾਣ ਦੌਰਾਨ ਪਹਿਲੀ ਵਾਰ ਪਾਰਟੀ ਉਮੀਦਵਾਰ ਦਾ ਐਲਾਨ ਚੋਣ ਤੋਂ ਕੁਝ ਦਿਨ ਪਹਿਲਾਂ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ ਗਿਆਰਾਂ ਮੈਂਬਰੀ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਵਾਸਤੇ ਚੋਣ 9 ਨਵੰਬਰ ਨੂੰ ਇੱਥੇ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਹੋਵੇਗੀ। ਇਸ ਐਲਾਨ ਤੋਂ ਤੁਰੰਤ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਪੱਤਰਕਾਰ ਸੰਮੇਲਨ ਵੀ ਸੱਦਿਆ ਗਿਆ ਹੈ।



## ਬੀਬੀ ਜਗੀਰ ਕੌਰ ਪ੍ਰਧਾਨ ਦੀ ਚੋਣ ਲੜਨ ਲਈ ਬਜ਼ਿਦ



ਚੰਡੀਗੜ੍ਹ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਆਗੂ ਬੀਬੀ ਜਗੀਰ ਕੌਰ ਚੋਣ ਲੜਨ ਦੇ ਆਪਣੇ ਸਟੈਂਡ 'ਤੇ ਕਾਇਮ ਹਨ। ਬੀਬੀ ਜਗੀਰ ਕੌਰ ਨੇ ਦਾਅਵਾ ਕੀਤਾ ਹੈ ਕਿ ਸੀਨੀਅਰ ਅਕਾਲੀ ਆਗੂ ਡਾ. ਚੀਮਾ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਪਾਰਟੀ ਦੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਭਾਜਪਾ ਨਾਲ ਗਠਜੋੜ ਦੀ ਗੱਲਬਾਤ ਚੱਲ ਰਹੀ ਹੈ। ਗੱਠਜੋੜ ਬਿਨਾਂ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਦੋਵਾਂ ਪਾਰਟੀਆਂ ਦਾ ਪੰਜਾਬ ਵਿੱਚ ਜਿੱਤਣਾ ਮੁਸ਼ਕਿਲ ਹੈ। ਇਸ ਲਈ ਦੋਵਾਂ ਪਾਰਟੀਆਂ ਨੂੰ ਗੱਠਜੋੜ ਕਰਨਾ ਪਏਗਾ। ਉਧਰ ਲੰਘੇ ਦਿਨੀਂ ਡਾ. ਦਲਜੀਤ ਸਿੰਘ ਚੀਮਾ ਨੇ ਪ੍ਰੈੱਸ ਕਾਨਫਰੰਸ 'ਚ ਭਾਜਪਾ 'ਤੇ ਸਿੱਖ ਕੌਮ ਦੇ ਧਾਰਮਿਕ ਮਸਲਿਆਂ ਵਿੱਚ ਸਿੱਧੇ ਤੌਰ 'ਤੇ ਦਖਲ ਦੇਣ ਅਤੇ ਸਿੱਖਾਂ ਦੀ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਦਾ ਯਤਨ ਕਰਨ ਦੇ ਦੋਸ਼ ਲਗਾਏ ਸਨ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

WE NOW OFFER OVER 40 PROGRAMS
StudentAidBC

| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
|---|---|---|---|
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca



# ਪੰਜਾਬੀ ਲੇਖਕ ਮੰਚ ਦੀ ਮੀਟਿੰਗ 'ਚ ਡਾ. ਸਤੀਸ਼ ਵਰਮਾ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਲ ਹੋਏ

ਸਰੀ (ਹਰਦਮ ਮਾਨ)-ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਮਹੀਨਾਵਾਰ ਮੀਟਿੰਗ ਨਿਊਟਨ ਲਾਇਬਰੇਰੀ ਸਰੀ ਵਿਚ ਹੋਈ ਜਿਸ ਵਿਚ ਪੰਜਾਬ ਤੋਂ ਆਏ ਸਾਹਿਤਕਾਰ, ਆਲੋਚਕ ਤੇ ਨਾਟਕਕਾਰ ਡਾ. ਸਤੀਸ਼ ਵਰਮਾ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਲ ਹੋਏ। ਮੀਟਿੰਗ ਦੇ ਆਰੰਭ ਵਿਚ ਵਿਛੜੇ ਸ਼ਾਇਰ, ਆਲੋਚਕ ਤੇ ਵਿਗਿਆਨੀ ਡਾ. ਗੁਰੂਮੇਲ ਸਿੱਧੂ (ਫਰਿਜ਼ਨੋ, ਯੂ.ਐਸ.ਏ.) ਦੇ ਅਕਾਲ ਚਲਾਣੇ 'ਤੇ ਹਾਜ਼ਰ ਲੇਖਕਾਂ ਵੱਲੋਂ ਅਫਸੋਸ ਜ਼ਾਹਿਰ ਕੀਤਾ ਗਿਆ ਅਤੇ ਇਕ ਮਿੰਟ ਦਾ ਮੋਨ ਰੱਖ ਕੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਅਰਪਣ ਕੀਤੀ ਗਈ। ਇਸ ਮੌਕੇ ਡਾ. ਸਿੱਧੂ ਦੀ ਪੰਜਾਬੀ ਸਾਹਿਤ ਨੂੰ ਦੇਣ ਅਤੇ ਉਹਨਾਂ ਦੀ ਆਲੋਚਨਾ ਦੀ ਮਕਬੂਲ ਪੁਸਤਕ 'ਖੁੱਲ੍ਹੀ ਕਵਿਤਾ ਦੇ ਮਾਪਦੰਡ' ਬਾਰੇ ਜਾਣਕਾਰੀ ਸਾਂਝੀ ਕੀਤੀ। ਮੀਟਿੰਗ ਦੇ ਮਹਿਮਾਨ ਲੇਖਕ ਡਾ. ਸਤੀਸ਼ ਵਰਮਾ ਨੇ ਨਾਟਕ ਕਲਾ ਦੇ ਲੇਖਣ, ਮੰਚਣ ਅਤੇ ਇਸ ਬਾਰੇ ਲਿਖੇ ਗਏ ਅਤੇ ਕੀਤੇ ਜਾ ਰਹੇ ਖੋਜ ਅਧਿਐਨਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਹਨਾਂ ਦੇ ਸਤਿਕਾਰ ਵਿਚ ਮੰਚ ਦੇ ਬੋਰਡ ਮੈਂਬਰਾਂ ਵੱਲੋਂ ਡਾ. ਸਤੀਸ਼ ਵਰਮਾ ਨੂੰ ਮੰਚ ਦੀ ਪੁਸਤਕ ਮੰਚ ਰੰਗਾ-ਰੰਗ ਅਤੇ ਇਕ ਪੈਨ ਭੇਂਟ ਕੀਤਾ ਗਿਆ। ਮੀਟਿੰਗ ਦੇ ਦੂਜੇ ਸੈਸ਼ਨ ਵਿਚ ਹਰਸ਼ਰਨ ਕੌਰ, ਬਖ਼ਸ਼ਿੰਦਰ, ਅਵਤਾਰ ਵਿਰਦੀ ਨੇ ਕਵਿਤਾਵਾਂ; ਨਦੀਮ ਪਰਮਾਰ ਤੇ ਗੁਰਦਰਸ਼ਨ ਬਾਦਲ ਨੇ ਗਜ਼ਲਾਂ ਅਤੇ ਬਲਬੀਰ ਸੰਘਾ ਨੇ ਵਾਰਤਕ ਰਾਹੀਂ ਸਾਂਝ ਪਾਈ। ਇਹਨਾਂ ਤੋਂ ਇਲਾਵਾ ਰਾਜਵੰਤ ਕੌਰ ਮਾਨ, ਸੁਰਜੀਤ ਕਲਸੀ, ਅਮਰੀਕ ਪਲਾਹੀ, ਸੁਖਜੀਤ ਢਿੱਲੋਂ, ਅਮਰਜੀਤ ਚਾਹਲ, ਨਿਰਮਲ ਗਿੱਲ, ਇੰਦਰਜੀਤ ਧਾਮੀ, ਚਰਨ ਵਿਰਦੀ, ਦਰਸ਼ਨ ਕੌਰ ਮਾਨ, ਪਾਲੀ ਗਰੇਵਾਲ, ਜਸਬੀਰ ਮਾਨ ਅਤੇ ਸੁਖਦੇਵ ਸਿੰਘ ਦਰਦੀ ਨੇ ਮੀਟਿੰਗ ਵਿਚ ਭਾਗ ਲਿਆ। ਮੀਟਿੰਗ ਦਾ ਸੰਚਾਲਨ ਸੁਰਜੀਤ ਕਲਸੀ ਤੇ ਸੁਖਜੀਤ ਢਿੱਲੋਂ ਨੇ ਕੀਤਾ।

# ਪੰਜਾਬ ਦਿਹਾੜੇ ਮੌਕੇ ਬੀ.ਸੀ. ਵਿਧਾਨ ਸਭਾ ਵਿਚ ਹੋਇਆ ਪੰਜਾਬੀ ਵਿਚ ਭਾਸ਼ਣ




ਸਰੀ (ਸੰਦੀਪ ਸਿੰਘ ਧੰਜੂ)-ਅੱਜ ਪੰਜਾਬ ਦਿਹਾੜੇ ਮੌਕੇ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਦਾ ਹਾਲ ਉਸ ਵੇਲੇ ਤਾੜੀਆਂ ਨਾਲ ਗੂੰਜ ਉੱਠਿਆ ਜਦੋਂ ਪੰਜਾਬੀ ਵਿਧਾਇਕਾ ਰਚਨਾ ਸਿੰਘ ਨੇ ਪੰਜਾਬੀ ਵਿੱਚ ਭਾਸ਼ਣ ਦਿੱਤਾ। ਰਚਨਾ ਸਿੰਘ ਬ੍ਰਿਟਿਸ਼ ਕੋਲੰਬੀਆ ਵਿਚ ਨਸਲਵਾਦ ਵਿਰੋਧੀ ਮਾਮਲਿਆਂ ਦੀ ਸੰਸਦੀ ਸਕੱਤਰ ਹੈ ਅਤੇ ਕਿਸੇ ਵੀ ਵਿਧਾਇਕ ਵੱਲੋਂ ਵਿਧਾਨ ਸਭਾ ਵਿੱਚ ਪੰਜਾਬੀ ਬੋਲਣ ਦਾ ਇਹ ਪਹਿਲਾ ਮੌਕਾ ਹੈ । ਇਹ ਇਤਿਹਾਸਿਕ ਪਲ ਸਨ ਜਦੋਂ ਰਚਨਾ ਸਿੰਘ ਨੇ ਵਿਧਾਨ ਸਭਾ ਵਿੱਚ ਬੋਲਿਆ ਕਿ ਅੱਜ ਦੇ ਦਿਨ ਸੰਨ 1966 ਵਿੱਚ ਪੰਜਾਬੀ ਸੂਬਾ ਹੋਂਦ ਵਿੱਚ ਆਇਆ ਸੀ ਅਤੇ ਕਿਸ ਤਰਾਂ ਸਾਡੇ ਵਡੇਰਿਆਂ ਨੇ ਇਸ ਲਈ ਜੱਦੋਜਹਿਦ ਕੀਤੀ ਸੀ। ਉਨ੍ਹਾਂ ਕਿਹਾ ਕਿ ਮੈਨੂੰ ਪੰਜਾਬੀ ਹੋਣ ਉਤੇ ਮਾਣ ਹੈ ਅਤੇ ਮੈਂ ਕੈਨੇਡਾ ਦੇਸ਼ ਦਾ ਸ਼ੁਕਰ ਅਦਾ ਕਰਦੀ ਹਾਂ ਜਿਸ ਨੇ ਮੇਰੀ ਮਾਤ ਭਾਸ਼ਾ ਪੰਜਾਬੀ ਨੂੰ ਏਥੇ ਪ੍ਰਫੁੱਲਿਤ ਹੋਣ ਦਾ ਮੌਕਾ ਦਿੱਤਾ।

# ਟਰੂਡੋ ਵੱਲੋਂ ਗੁਰੂ ਨਾਨਕ ਫ਼ੂਡ ਬੈਂਕ ਦੀ ਕਾਰਜ ਦੀ ਸ਼ਲਾਘਾ

ਸਰੀ (ਹਰਦਮ ਮਾਨ)-ਬੀਤੇ ਦਿਨੀਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਰੀ ਵਿਖੇ ਆਏ ਤਾਂ ਉਨ੍ਹਾਂ ਗੁਰੂ ਨਾਨਕ ਫ਼ੂਡ ਬੈਂਕ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਦੀ ਪ੍ਰਸੰਸਾ ਕਰਦਿਆਂ ਫੂਡ ਬੈਂਕ ਦੀ ਸਾਰੀ ਟੀਮ ਦੀ ਸ਼ਲਾਘਾ ਕੀਤੀ ਅਤੇ ਖ਼ਾਸ ਤੌਰ ਤੇ ਕੈਨੇਡਾ ਪੜ੍ਹਨ ਆ ਰਹੇ ਬੱਚਿਆਂ ਦੀ ਕੀਤੀ ਜਾ ਰਹੀ ਮਦਦ ਲਈ ਗੁਰੂ ਨਾਨਕ ਫ਼ੂਡ ਬੈਂਕ ਦਾ ਧੰਨਵਾਦ ਕੀਤਾ। ਉਨ੍ਹਾਂ ਇਸ ਮੌਕੇ ਵਿਸ਼ੇਸ਼ ਤੌਰ 'ਤੇ ਜਤਿੰਦਰ ਜੇ. ਮਿਨਹਾਸ ਦੇ ਸਮਾਜ ਸੇਵੀ ਉਦਮ ਲਈ ਉਨ੍ਹਾਂ ਨੂੰ ਥਾਪੜਾ ਦਿੱਤਾ।



# ਨਵੀਂ ਚੁਣੀ ਗਈ ਮੇਅਰ ਬਰੈਂਡਾ ਲੋਕ ਵਲੋਂ ਹਾਊਸਿੰਗ ਸੰਕਟ ਬਾਰੇ ਸੰਮੇਲਨ ਦਾ ਐਲਾਨ



ਸਰੀ-ਸ਼ਹਿਰ ਦੀ ਨਵੀਂ ਚੁਣੀ ਗਈ ਮੇਅਰ ਬਰੈਂਡਾ ਲੋਕ ਨੇ ਕਿਹਾ ਕਿ ਅਗਲੀ ਬਸੰਤ 'ਤੇ ਸਰੀ ਵਿਚ ਹਾਊਸਿੰਗ ਸੰਮੇਲਨ ਹੋਵੇਗਾ ਕਿਉਂਕਿ ਸ਼ਹਿਰ ਕਿਫਾਇਤੀ ਘਰਾਂ ਦੇ ਸੰਕਟ ਨਾਲ ਜੂਝ ਰਿਹਾ ਹੈ। ਸਰੀ ਬੋਰਡ ਆਫ ਟਰੇਡ ਨਾਲ ਦੁਪਹਿਰ ਦੇ ਖਾਣੇ ਸਮੇਂ ਲੋਕ ਨੇ ਕਿਹਾ ਕਿ ਉਨ੍ਹਾਂ ਨੇ ਇਸ ਬਾਰੇ ਪ੍ਰੀਮੀਅਰ ਏਬੀ ਨਾਲ ਗੱਲਬਾਤ ਕੀਤੀ ਹੈ ਅਤੇ ਇਹ ਸੰਮੇਲਨ ਕੇਵਲ ਸਰੀ ਬਾਰੇ ਹੋਵੇਗਾ। ਇਸ ਸੰਮੇਲਨ ਦਾ ਟੀਚਾ ਸਰਕਾਰ ਦੇ ਸਾਰੇ ਪੱਧਰਾਂ ਅਤੇ ਸਥਾਨਕ ਭਾਈਵਾਲਾਂ ਨੂੰ ਇਕੱਠੇ ਕਰਨਾ ਹੈ। ਸਰੀ ਬੋਰਡ ਆਫ ਟਰੇਡ ਨੇ ਸ਼ੇਰਟਨ ਗਿਲਡਫੋਰਡ ਵਿਖੇ 28 ਅਕਤੂਬਰ ਨੂੰ ਦੁਪਹਿਰ ਦੇ ਖਾਣੇ ਦੌਰਾਨ ਆਪਣੇ ਛੇਵੇਂ ਸਰੀ ਵਿਕਾਸ ਇੰਡਸਟਰੀ ਫੋਰਮ ਦੀ ਮੇਜ਼ਬਾਨੀ ਕੀਤੀ ਸੀ। ਲੋਕ ਨੇ ਕਿਹਾ ਕਿ ਸਰੀ ਸ਼ਹਿਰ 2006 ਅਤੇ 2021 ਵਿਚਕਾਰ 44 ਫ਼ੀਸਦੀ ਵਧਿਆ ਹੈ ਜਿਹੜਾ ਬਹੁਤੇ ਦੂਸਰੇ ਸ਼ਹਿਰਾਂ ਨਾਲੋਂ ਕਿਤੇ ਵੱਧ ਹੈ। ਲੋਕ ਨੇ ਕਿਹਾ ਕਿ ਇਹ ਸਵਾਲ ਪੁੱਛੇ ਜਾਣ ਦੀ ਲੋੜ ਹੈ ਕਿ ਕੀ ਅਸੀਂ ਹਮੇਸ਼ਾ ਸਹੀ ਕੰਮ ਕਰ ਰਹੇ ਹਾਂ? ਉਸ ਨੇ ਦੱਸਿਆ ਕਿ ਵਿਕਾਸ ਨੂੰ ਜਾਰੀ ਰੱਖਣ ਲਈ 41000 ਨਵੇਂ ਘਰਾਂ ਦੀ ਲੋੜ ਹੈ। ਉਸ ਨੇ ਸਪਸ਼ਟ ਕੀਤਾ ਕਿ ਸਾਨੂੰ ਵਧੇਰੇ ਘੱਟ ਆਮਦਨੀ, ਕਿਫਾਇਤੀ ਘਰ ਤੇ ਕੋ-ਆਪਸ ਦੀ ਲੋੜ ਹੈ ਪਰ ਇਸ ਦੀ ਪ੍ਰਾਪਤੀ ਲਈ ਉਹ ਸਮਝਦੀ ਹੈ ਕਿ ਸਰਕਾਰ ਦੇ ਸਾਰੇ ਪੱਧਰਾਂ 'ਤੇ ਮਿਲ ਕੇ ਕੰਮ ਕਰਨ ਦੀ ਲੋੜ ਹੈ। ਸਰੀ ਵਿਚ ਸੈਕੰਡਰੀ ਜਾਂ ਬਰਿਜ ਹਾਊਸਿੰਗ ਦੀ ਲੋੜ ਹੈ।

JJB INSURANCE
BBB ACCREDITED BUSINESS
Sarban Singh Sidhu
604-507-6866 #1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



*RATES SUBJECT TO CHANGE WITHOUT ANY NOTICE
HOUSE INSURANCE UP TO 65% DISCOUNT AVAILABLE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP • Visitor • Super Visa
• ਪਹਿਲੀ ਵਾਰ ਘਰ ਖ਼੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Ask for Special Rate for Super Visa Insurance
Money Back upon Visa Declined
Wawanesa Insurance
Call Us Before You Renew / Buy Any Insurance Lien & Accident Search Available

MORTGAGE

| 5 YRS. VARIABLE – 25 YRS. INSURED | 5 YRS. VARIABLE – 25 YRS. INSURABLE | 5 YRS. VARIABLE – 30 YRS. PURCHASE |
|---|---|---|
| 5.05%* | 5.45%* | 5.50%* |
| (Prime –.90%) | (Prime –.50%) | (Prime –.45%) |

*Conditions Apply. Rates subject to change without notice.
Interest Rates are Rising!
TO LOCK OR NOT TO LOCK
ask for our expert guidance?
GET CASH BACK UP TO $1,000*



RAJ GILL, AMP
604 564 1000
VANCOUVER
Unit 200-6330 Fraser St
@47 Ave & Fraser St

Our Symbol of Care & Service
Superior Mortgage
The Banking Alternative
*Some conditions apply.



SHARNJIT GILL, AMP
604 507 1000
SURREY
Unit 244 8138 128 St
www.quickapproval.ca





# ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਦਾ ਮਹੀਨਾਵਾਰ ਕਵੀ ਦਰਬਾਰ

ਸਰੀ (ਹਰਦਮ ਮਾਨ)-ਇੰਡੋ ਕਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਦਾ ਮਹੀਨਾਵਾਰ ਕਵੀ ਦਰਬਾਰ ਬੀਤੇ ਐਤਵਾਰ ਨੂੰ ਸੈਂਟਰ ਦੇ ?ਪਰਲੇ ਹਾਲ ਵਿਚ ਪ੍ਰਧਾਨ ਹਰਪਾਲ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਸਜਿਆ। ਇਸ ਕਵੀ ਦਰਬਾਰ ਵਿਚ ਦਰਸ਼ਨ ਸਿੰਘ ਅਟਵਾਲ,ਅਮਰੀਕ ਸਿੰਘ ਲੇਹਲ, ਹਰਚੰਦ ਸਿੰਘ ਗਿੱਲ, ਗੁਰਮੀਤ ਕਾਲਕਟ, ਬਲਬੀਰ ਸਿੰਘ ਸੰਘਾ, ਗੁਰਦਰਸ਼ਨ ਸਿੰਘ ਤਾਤਲਾ, ਮਨਜੀਤ ਸਿੰਘ ਮੱਲ੍ਹਾ, ਰਵਿੰਦਰ ਕੌਰ ਬੈਂਸ, ਦਵਿੰਦਰ ਕੌਰ ਜੌਹਲ, ਬਲਬੀਰ ਸਿੰਘ ਸਹੋਤਾ, ਅਵਤਾਰ ਕੌਰ ਸਹੋਤਾ, ਤਜਿੰਦਰ ਕੌਰ ਬੈਂਸ, ਪਵਿੱਤਰ ਕੌਰ ਬਰਾੜ, ਸੁਰਜੀਤ ਸਿੰਘ ਗਿੱਲ ਆਦਿ ਕਵੀਆਂ ਨੇ ਖ਼ੂਬ ਰੰਗ ਬੰਨ੍ਹਿਆ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਹਰਚੰਦ ਸਿੰਘ ਗਿੱਲ ਨੇ ਨਿਭਾਈ। ਅੰਤ ਵਿਚ ਪ੍ਰਧਾਨ ਹਰਪਾਲ ਸਿੰਘ ਬਰਾੜ ਨੇ ਸਾਰਿਆਂ ਦਾ ਧੰਨਵਾਦ ਕੀਤਾ। ਚਾਹ ਪਾਣੀ ਦੀ ਸੇਵਾ ਸੁਰਜੀਤ ਸਿੰਘ ਬਾਸੀ ਵੱਲੋਂ ਕੀਤੀ ਗਈ। ਅਗਲੇ ਦਿਨ 31 ਅਕਤੂਬਰ ਨੂੰ ਇਸੇ ਹਾਲ ਵਿਚ ਸੀਨੀਅਰ ਸੈਂਟਰ ਦੇ ਸਾਰੇ ਮੈਂਬਰਾਂ ਦਾ ਸਾਲਾਨਾ ਜਨਰਲ ਇਜਲਾਸ ਹੋਇਆ ਜਿਸ ਵਿਚ ਖਜ਼ਾਨਚੀ ਅਵਤਾਰ ਸਿੰਘ ਢਿੱਲੋਂ ਨੇ ਸਾਲ ਭਰ ਦਾ ਆਮਦਨ-ਖਰਚ ਵੇਰਵਾ ਵਿਸਥਾਰ ਸਹਿਤ ਪੇਸ਼ ਕੀਤਾ, ਜਿਸ ਉੱਪਰ ਕੁਝ ਮੈਂਬਰਾਂ ਨੇ ਆਪੋ ਆਪਣੇ ਸੁਝਾਅ ਪੇਸ਼ ਕੀਤੇ। ਬਾਅਦ ਵਿਚ ਇਨ੍ਹਾਂ ਸੁਝਾਵਾਂ ਉੱਪਰ ਵਿਸਥਾਰ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਸੀਨੀਅਰ ਸੈਂਟਰ ਦੀਆਂ ਚੋਣਾਂ ਸੰਬੰਧੀ ਵੀ ਵਿਚਾਰ ਕੀਤਾ ਗਿਆ।

# ਹਾਊਸ ਆਫ ਕਾਮਨਜ਼ ਵਿਚ ਫੈਡਰਲ ਸਰਕਾਰ ਵਲੋਂ ਡੈਂਟਲ ਕੇਅਰ ਬੈਨੀਫਿਟ ਬਿੱਲ ਪਾਸ

ਓਟਵਾ-ਹਾਊਸ ਆਫ ਕਾਮਨਜ਼ ਵਿਚ ਫੈਡਰਲ ਸਰਕਾਰ ਵਲੋਂ ਡੈਂਟਲ ਕੇਅਰ ਬੈਨੀਫਿਟ ਬਿੱਲ ਪਾਸ ਕਰ ਦਿੱਤਾ ਗਿਆ । ਬਿੱਲ ਨੂੰ 138 ਦੇ ਮੁਕਾਬਲੇ 172 ਵੋਟਾਂ ਨਾਲ ਪਾਸ ਕੀਤਾ ਗਿਆ ਅਤੇ ਕੰਸਰਵੇਟਿਵ ਤੇ ਕਿਊਬਕ ਬਲੌਕ ਨੇ ਇਸ ਦੇ ਖਿਲਾਫ ਵੋਟ ਦਿੱਤਾ। ਲਿਬਰਲ ਸਰਕਾਰ ਮੌਜੂਦਾ ਕਵਰੇਜ ਨੂੰ ਮਜ਼ਬੂਤ ਕਰਨ ਲਈ ਸੂਬਿਆਂ ਤੇ ਟੈਰੀਟਰੀਜ਼ ਨਾਲ ਕੰਮ ਕਰਨ ਦੀ ਬਜਾਏ ਸਿੱਧੀ ਯੋਗ ਕੈਨੇਡੀਅਨਾਂ ਨੂੰ ਦੰਦਾਂ ਦੀ ਦੇਖਭਾਲ ਦਾ ਬੀਮਾ ਮੁਹੱਈਆ ਕਰਨ ਵੱਲ ਵਧ ਰਹੀ ਹੈ। ਹੈਲਥ ਕੈਨੇਡਾ ਦੇ ਅਧਿਕਾਰੀਆਂ ਨੇ ਦੀ ਕੈਨੇਡੀਅਨ ਪ੍ਰੈਸ ਨੂੰ ਦੱਸਿਆ ਕਿ ਇਸ ਵਿਚ ਨਵੇਂ ਸਟੈਂਡ ਅਲੋਨ ਇੰਸ਼ੂਰੈਂਸ ਪ੍ਰੋਗਰਾਮ ਲਈ ਦਾਅਵਿਆਂ ਦੀ ਪ੍ਰਕਿਰਿਆ ਲਈ ਬਾਹਰੀ ਕੰਪਨੀ ਨੂੰ ਨਿਯੁਕਤ ਕਰਨਾ ਸ਼ਾਮਿਲ ਹੈ। ਪ੍ਰੋਕਿਊਰਮੈਂਟ ਵਿਭਾਗ ਨੇ ਉਨ੍ਹਾਂ ਦਾਅਵਿਆਂ ਵਿਚ ਤਜਰਬਾ ਰੱਖਣ ਵਾਲੀਆਂ ਕੰਪਨੀਆਂ ਨੂੰ ਪ੍ਰੀ-ਕੁਆਲੀਫਿਕੇਸ਼ਨ ਲਈ ਅਪਲਾਈ ਕਰਨ ਦਾ ਸੱਦਾ ਦਿੱਤਾ ਹੈ। ਹੈਲਥ ਕੈਨੇਡਾ ਦੇ ਅਧਿਕਾਰੀਆਂ ਜਿਨ੍ਹਾਂ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਇਹ ਕੰਮ ਕਰਨ ਲਈ ਕੰਪਨੀ ਨੂੰ ਹਾਇਰ ਕਰਨ ਤੋਂ ਪਹਿਲਾਂ ਪ੍ਰੋਗਰਾਮ ਨੂੰ ਸੁਧਾਰਨ ਵਿਚ ਸਰਕਾਰ ਦੀ ਮਦਦ ਕਰੇਗਾ।

# ਡੱਗ ਮੈਕਲਮ ਵਲੋਂ ਜਨਤਕ ਸ਼ਰਾਰਤ ਮਾਮਲੇ ਵਿਚ ਦੋਸ਼ੀ ਨਾ ਹੋਣ ਦੀ ਕੀਤੀ ਵਕਾਲਤ



ਸਰੀ-ਸਰੀ ਦੇ ਅਹੁਦੇ ਤੋਂ ਹਟ ਰਹੇ ਮੇਅਰ ਡੱਗ ਮੈਕਲਮ ਖਿਲਾਫ ਜਨਤਕ ਸ਼ਰਾਰਤ ਦੇ ਦੋਸ਼ ਵਿਚ ਮਾਮਲੇ ਦੀ 7 ਦਿਨਾਂ ਸੁਣਵਾਈ 31 ਅਕਤੂਬਰ ਨੂੰ ਸਰੀ ਦੀ ਪ੍ਰੋਵਿੰਸ਼ੀਅਲ ਅਦਾਲਤ ਵਿਚ ਸਵੇਰੇ ਸ਼ੁਰੂ ਹੋਈ ਜਿਥੇ ਮੈਕਲਮ ਨੇ ਆਪਣਾ ਕਸੂਰ ਨਾ ਹੋਣ ਦੀ ਵਕਾਲਤ ਕੀਤੀ। ਸਪੈਸ਼ਲ ਪ੍ਰੌਸੀਕਿਊਟਰ ਰਿਚਰਡ ਫਾਉਲਰ ਨੇ ਕਰਾਊਨ ਦਾ ਮਾਮਲਾ ਪੇਸ਼ ਕੀਤਾ। ਮੈਕਲਮ ਦੀ ਰੱਖਿਆ ਟੀਮ ਵਿਚ ਰਿਚਰਡ ਪੇਕ, ਕੇਸੀ ਤੇ ਤਿੰਨ ਸਹਾਇਕ ਵਕੀਲ ਹਨ। ਫ੍ਰੇਜ਼ਰ ਰੀਜ਼ਨ ਲਈ ਰੀਜ਼ਨਲ ਪ੍ਰਸ਼ਾਸਕੀ ਜੱਜ, ਜੱਜ ਰਾਬਰਟ ਹੈਮਿਲਟਨ ਨੇ ਕੋਰਟਰੂਮ ਵਿਚ ਮੁਕੱਦਮੇ ਦੀ ਸੁਣਵਾਈ ਕਰ ਰਹੇ ਹਨ। ਫਾਉਲਰ ਨੇ ਜੱਜ ਨੂੰ ਦੱਸਿਆ ਕਿ ਮੈਕਲਮ ਨੇ ਡੈਬੋਰਾਹ ਜੋਹਨਸਟੋਨ ਪੁਲਿਸ ਨੂੰ ਦੱਸਿਆ ਸੀ ਕਿ ਦੋ ਦਰਵਾਜਿਆਂ ਵਾਲੀ ਮਸਟੈਂਗ ਨੇ ਉਸ ਦਾ ਪੈਰ ਤੇ ਲੱਤ ਮਿਧ ਦਿੱਤੀ ਅਤੇ ਫਿਰ ਬਹੁਤ ਹੀ ਖਤਰਨਾਕ ਤਰੀਕੇ ਨਾਲ ਦੌੜ ਗਈ। ਅਦਾਲਤ ਵਲੋਂ ਮੌਕੇ ਵਾਲੇ ਸੀਸੀਟੀਵੀ ਦੀ ਫੁੱਟੇਜ ਦੀ ਸਮੀਖਿਆ ਕਰਨ ਦੀ ਆਸ ਹੈ। ਸਰੀ ਵਾਸੀ ਜੋਹਨਸਟੋਨ ਗਵਾਹੀ ਦੇ ਰਹੀ ਹੈ। ਮੈਕਲਮ 'ਤੇ ਕ੍ਰਿਮੀਨਲ ਕੋਡ ਦੀ ਧਾਰਾ 140 (2) ਦੇ ਉਲਟ ਜਨਤਕ ਸ਼ਰਾਰਰਤ ਦਾ ਦੋਸ਼ ਲਗਾਇਆ ਗਿਆ ਹੈ ਜਿਹੜਾ 4 ਸਤੰਬਰ 2021 ਨੂੰ ਉਸ ਅਤੇ ਵਲੰਟੀਅਰਾਂ ਦੇ ਗਰੁੱਪ ਜਿਹੜਾ ਪੁਲਿਸ ਟਰਾਂਜ਼ੀਸ਼ਨ 'ਤੇ ਰਾਏਸ਼ੁਮਾਰੀ ਲਈ ਸਾਊਥ ਸਰੀ ਵਿਚ ਸਾਊਥ ਪੁਆਇੰਟ ਸੇਵ-ਆਨ-ਫੂਡਸ ਦੇ ਬਾਹਰ ਪਟੀਸ਼ਨ 'ਤੇ ਦਸਤਖ਼ਤ ਇਕੱਤਰ ਕਰ ਰਿਹਾ ਸੀ ਵਿਚਕਾਰ ਟਕਰਾਅ ਤੋਂ ਪੈਦਾ ਹੋਇਆ ਸੀ।

# ਮੈਟਰੋ ਵੈਨਕੂਵਰ ਉੱਤਰੀ ਅਮਰੀਕਾ 'ਚ ਗੈਰ-ਧਾਰਮਿਕ ਵੱਡੇ ਸ਼ਹਿਰਾਂ ਦੀ ਸੂਚੀ ਵਿਚ ਸਭ ਤੋਂ ਉੱਪਰ



ਵੈਨਕੂਵਰ-ਕੈਨੇਡਾ ਦੇ 2021 ਦੀ ਮਰਦਮਸ਼ਮਾਰੀ ਤੋਂ ਪਤਾ ਲਗਦਾ ਹੈ ਕਿ ਮੈਟਰੋ ਵੈਨਕੂਵਰ ਦੇ ਲਗਪਗ ਅੱਧੇ ਵਿਭਿੰਨ ਵਾਸੀਆਂ ਦਾ ਕਹਿਣਾ ਕਿ ਉਨ੍ਹਾਂ ਦਾ ਕੋਈ ਧਰਮ ਨਹੀਂ ਅਤੇ ਇਹ ਉੱਤਰੀ ਅਮਰੀਕਾ ਵਿਚ ਕਿਸੇ ਵੀ ਵੱਡੇ ਸ਼ਹਿਰ ਦਾ ਬਹੁਤ ਜ਼ਿਆਦਾ ਅਨੁਪਾਤ ਹੈ। ਇਸ ਹਫਤੇ ਧਰਮ ਤੇ ਨਸਲ ਬਾਰੇ ਜਾਰੀ ਮਰਦਮਸ਼ੁਮਾਰੀ ਦੀਆਂ ਖ਼ਬਰਾਂ ਵਿਚ ਪਤਾ ਲੱਗਾ ਕਿ ਬੀਸੀ ਕੈਨੇਡਾ ਦਾ ਸਭ ਤੋਂ ਵੱਧ ਧਰਮਨਿਰਪੱਖ ਸੂਬਾ ਹੈ ਅਤੇ ਪਿਛਲੇ ਪੰਜ ਸਾਲਾਂ ਵਿਚ ਮੈਟਰੋ ਵਿਚ ਘੱਟਗਿਣਤੀ ਬਹੁਗਿਣਤੀ ਬਣ ਗਏ ਹਨ। ਮੈਟਰੋ ਦੇ 47 ਫ਼ੀਸਦੀ ਵਾਸੀਆਂ ਦਾ ਕਹਿਣਾ ਕਿ ਉਨ੍ਹਾਂ ਦਾ ਕੋਈ ਧਰਮ ਨਹੀਂ ਅਤੇ ਇਹ ਗਿਣਤੀ ਬਰਾਬਰ ਨਸਲੀ ਵਿਭਿੰਨਤਾ ਵਾਲੇ ਗਰੇਟਰ ਟੋਰਾਂਟੋ ਨਾਲੋਂ ਕਾਫੀ ਜ਼ਿਆਦਾ ਹੈ ਜਿਥੇ 26 ਫ਼ੀਸਦੀ ਲੋਕ ਧਰਮਨਿਰਪੱਖ ਹਨ। ਗੈਰਧਾਰਮਿਕ ਵਾਸੀਆਂ ਦੀ ਮੈਟਰੋ ਦਰ ਨਿਊਯਾਰਕ ਸਮੇਤ ਉੱਤਰੀ ਅਮਰੀਕਾ ਦੇ ਵੱਡੇ ਸ਼ਹਿਰਾਂ ਨਾਲੋਂ ਬਹੁਤ ਜ਼ਿਆਦਾ ਹੈ ਜਿਥੇ ਗੈਰ ਗੋਰੇ ਲੋਕਾਂ ਦੀ ਬਹੁਗਿਣਤੀ ਹੈ ਪਰ ਆਬਾਦੀ ਵਿਚ ਚਾਰ ਵਿਚੋਂ ਸਿਰਫ ਇਕ ਦੀ ਕੋਈ ਧਾਰਮਿਕ ਮਾਨਤਾ ਨਹੀਂ। ਹਕੀਕਤ ਇਹ ਹੈ ਕਿ ਗ੍ਰੇਟਰ ਟੋਰਾਂਟੋ ਤੋਂ ਪਿੱਛੋਂ ਮੈਟਰੋ ਵਿਚ ਕਿਸੇ ਵੀ ਕੈਨੇਡੀਅਨ ਸ਼ਹਿਰ ਨਾਲੋਂ ਪ੍ਰਵਾਸੀਆਂ ਦਾ ਦੂਸਰਾ ਸਭ ਤੋਂ ਵੱਡਾ ਅਨੁਪਾਤ 42 ਫ਼ੀਸਦੀ ਹੈ। ਇਸ ਤੋਂ ਇਲਾਵਾ ਨਵੇਂ ਆ ਰਹੇ ਕੁਝ ਲੋਕ ਵੀ ਧਰਮਨਿਰਪੱਖਤਾ ਵਿਚ ਯੋਗਦਾਨ ਪਾ ਰਹੇ ਹਨ। ਸ਼ਹਿਰ ਵਿਚ ਕ੍ਰਿਸਚੀਅਨਾਂ ਦੀ ਗਿਣਤੀ ਘੱਟ ਕੇ 863000 ਜਾਂ 33 ਫ਼ੀਸਦੀ ਰਹਿ ਗਈ ਹੈ। ਮੁਸਲਮਾਨਾਂ ਦੀ ਗਿਣਤੀ ਵਧ ਕੇ 110000, ਬੋਧੀਆਂ ਦੀ 71000 ਅਤੇ ਹਿੰਦੂਆਂ ਦੀ 67000 ਹੋ ਗਈ ਜਦਕਿ ਯਹੂਦੀਆਂ ਦੀ 20000 'ਤੇ ਸਥਿਰ ਹੈ। ਦੋ ਦਹਾਕੇ ਪਹਿਲਾਂ ਕ੍ਰਿਸਚੀਅਨਾਂ ਦੀ ਗਿਣਤੀ ਸਾਰੇ ਕੈਨੇਡੀਅਨਾਂ ਦਾ 77 ਫ਼ੀਸਦੀ ਸੀ ਅਤੇ 2021 ਵਿਚ ਉਨ੍ਹਾਂ ਦਾ ਅਨੁਪਾਤ ਘੱਟ ਕੇ ਸਿਰਫ 53 ਫ਼ੀਸਦੀ ਰਹਿ ਗਿਆ ਹੈ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

ਸੰਪਾਦਕੀ

# ਰਿਸ਼ੀ ਸੂਨਕ ਦਾ ਯੂਕੇ ਦਾ ਪ੍ਰਧਾਨ ਮੰਤਰੀ ਬਣਨਾ ਇਤਿਹਾਸਕ ਤੇ ਚੁਣੌਤੀਪੂਰਣ ਵੀ...

## ਭਾਰਤੀਆਂ ਵਿਸ਼ੇਸ਼ ਕਰਕੇ ਪੰਜਾਬੀਆਂ ਦਾ ਮਾਣ ਵਧਿਆ

**ਸੁਖਵਿੰਦਰ ਸਿੰਘ ਚੋਹਲਾ**

ਬਰਤਾਨੀਆ ਵਿਸ਼ਵ ਦਾ ਸਭ ਤੋ ਸ਼ਕਤੀਸ਼ਾਲੀ ਮੁਲਕ ਜਿਸ ਬਾਰੇ ਕਦੇ ਇਹ ਕਿਹਾ ਜਾਂਦਾ ਸੀ ਕਿ ਅੰਗਰੇਜ਼ ਦੇ ਰਾਜ ਦਾ ਸੂਰਜ ਕਦੇ ਨਹੀ ਡੁੱਬਦਾ, ਉਸ ਮਹਾਨ ਮੁਲਕ ਦੀ ਅਗਵਾਈ ਹੁਣ ਇਕ ਭਾਰਤੀ ਮੂਲ ਦੇ ਆਗੂ ਹੱਥ ਆਉਣ ਦੀ ਖਬਰ ਕੋਈ ਆਮ ਨਹੀ ਬਲਕਿ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦੇ ਤੁੱਲ ਹੈ। ਬਸਤੀਵਾਦੀ ਯੁਗ ਵਿਚ ਅੰਗਰੇਜੀ ਸਾਸ਼ਨ ਕਿਵੇ ਦਾ ਵੀ ਰਿਹਾ ਹੋਵੇ ਪਰ ਅਜੋਕੇ ਬਰਤਾਨੀਆ ਵਿਚ ਕਿਸੇ ਗੈਰ ਗੋਰੇ ਵਿਅਕਤੀ ਦਾ ਪ੍ਰਧਾਨ ਮੰਤਰੀ ਬਣ ਜਾਣਾ ਦੁਨੀਆ ਸਾਹਵੇਂ ਜਮਹੂਰੀ ਮਾਡਲ ਅਤੇ ਅਮਲ ਦੀ ਵੱਡੀ ਗਵਾਹੀ ਹੈ। ਬਰਤਾਨੀਆ ਦੀ ਸਭ ਤੋ ਪੁਰਾਣੀ ਸਿਆਸੀ ਪਾਰਟੀ ਕੰਸਰਵੇਟਿਵ ਦਾ ਚੁਣਿਆ ਗਿਆ ਆਗੂ ਤੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਭਾਵੇਂਕਿ ਇੰਗਲੈਂਡ ਦਾ ਹੀ ਜੰਮਪਲ ਹੈ ਪਰ ਉਸਦੀਆਂ ਰਗਾਂ ਵਿਚ ਦੌੜਦਾ ਖੂਨ ਉਸ ਭਾਰਤੀ ਮਿੱਟੀ ਨਾਲ ਸਬੰਧਿਤ ਹੈ ਜਿਥੇ ਇੰਗਲੈਂਡ ਦੇ ਗੋਰਿਆਂ ਨੇ ਸਦੀਆਂ ਤੱਕ ਰਾਜ ਕੀਤਾ। ਭਾਰਤੀ ਮੂਲ ਦੇ ਰਿਸ਼ੀ ਸੂਨਕ ਦਾ ਯੂਕੇ ਦਾ ਪ੍ਰਧਾਨ ਮੰਤਰੀ ਬਣਨਾ ਭਾਰਤੀਆਂ ਲਈ ਭਾਵੁਕ ਮਾਣ ਸਨਮਾਨ ਦੀ ਗੱਲ ਹੈ। ਇਸਤੋ ਵੀ ਅੱਗੇ ਪੰਜਾਬੀਆਂ ਲਈ ਇਸ ਭਾਵੁਕ ਰਿਸ਼ਤੇ ਦੀ ਗੰਢ ਹੋਰ ਵੀ ਮਜ਼ਬੂਤ ਹੈ ਕਿ ਰਿਸ਼ੀ ਸੂਨਕ ਦੇ ਦਾਦਕੇ ਤੇ ਨਾਨਕੇ ਅਣਵੰਡੇ ਪੰਜਾਬ ਦੇ ਜਿਲਾਂ ਗੁਜਰਾਂਵਾਲਾ ਨਾਲ ਸਬੰਧਿਤ ਸਨ। ਗੁਜਰਾਂਵਾਲਾ ਦਾ ਜੰਮਪਲ ਉਸਦਾ ਪੜਦਾਦਾ ਰਾਮਦਾਸ ਸੂਨਕ 1935 ਵਿਚ ਕੀਨੀਆ ਦੇ ਨੈਰੋਬੀ ਸ਼ਹਿਰ ਗਿਆ ਸੀ। ਉਸ ਦਾ ਪੜਨਾਨਾ ਰਘੁਬੀਰ ਬੇਰੀ ਤਨਜ਼ਾਨੀਆ ਵਿਚ 1916 ਤੋਂ 1961 ਤਕ ਇਕ ਸਰਕਾਰੀ ਅਧਿਕਾਰੀ ਸੀ। ਸੂਨਕ ਪਰਿਵਾਰ 1960ਵਿਆਂ ਵਿਚ ਇੰਗਲੈਂਡ ਪਰਵਾਸ ਕਰਕੇ ਪੁੱਜਾ। ਸੂਨਕ ਦਾ ਪਿਤਾ ਯਸ਼ਵੀਰ ਸੂਨਕ ਡਾਕਟਰ ਅਤੇ ਮਾਂ ਊਸ਼ਾ ਸੂਨਕ ਫਾਰਮਾਸਿਸਟ ਹੈ। ਸੂਨਕ ਦੇ ਨਾਨੇ ਦੇ ਭਰਾ ਦੇ ਬੱਚੇ ਜਾਣੀ ਉਸਦੇ ਰਿਸ਼ਤੇ ਵਿਚ ਮਾਮੇ ਅੱਜ ਵੀ ਪੰਜਾਬ ਦੇ ਸ਼ਹਿਰ ਲੁਧਿਆਣਾ ਦੇ ਵਸਨੀਕ ਹਨ। ਲੁਧਿਆਣਾ ਦੇ ਬੇਰੀ ਪਰਿਵਾਰ ਨਾਲ ਸੂਨਕ ਪਰਿਵਾਰ ਨਾਲ ਅੱਜ ਵੀ ਆਉਣ ਜਾਣ ਤੇ ਮਿਲਣ ਵਰਤਣ ਹੈ। ਸੋ ਭਾਰਤੀਆਂ ਲਈ ਇਕ ਅਰਬਪਤੀ ਕਾਰੋਬਾਰੀ ਮੂਰਤੀ ਦਾ ਦਾਮਾਦ ਹੋਣ ਅਤੇ ਪੰਜਾਬੀਆਂ ਲਈ ਬੇਰੀ ਪਰਿਵਾਰ ਦਾ ਦੋਹਤਰਾ ਤੇ ਅਣਵੰਡੇ ਪੰਜਾਬ ਦੇ ਸ਼ਹਿਰ ਗੁਜਰਾਂਵਾਲਾ ਨਾਲ ਸਬੰਧਿਤ ਹੋਣ ਕਾਰਣ ਇਹ ਮਾਣ ਤੇ ਗੌਰਵ ਵਾਲੀ ਗੱਲ ਹੈ ਕਿ ਉਹਨਾਂ ਦੀ ਅਗਲੀ ਨਸਲ ਦਾ ਇਕ ਬੱਚਾ ਬਰਤਾਨੀਆ ਵਰਗੇ ਮਹਾਨ ਮੁਲਕ ਦਾ ਪ੍ਰਧਾਨ ਮੰਤਰੀ ਬਣਿਆ ਹੈ। ਸੂਨਕ ਜੋ ਕਿ ਸਾਊਥੈਂਪਟਨ ਵਿਚ 1980 ਵਿਚ ਪੈਦਾ ਹੋਇਆ, ਇੰਗਲੈਂਡ ਦੀ ਆਕਸਫੋਰਡ ਯੂਨੀਵਰਸਿਟੀ ਅਤੇ ਅਮਰੀਕਾ ਦੀ ਸਟੈਨਫੋਰਡ ਯੂਨੀਵਰਸਿਟੀ ਤੋਂ ਉਚ ਵਿਦਿਆ ਪ੍ਰਾਪਤ ਹੈ। ਉਸ ਦਾ ਵਿਆਹ ਭਾਰਤੀ ਕੰਪਨੀ ਇੰਫੋਸਿਸ ਦੇ ਬਾਨੀ ਐੱਚ ਆਰ ਨਰਾਇਣ ਮੂਰਤੀ ਦੀ ਧੀ ਅਕਸ਼ਤਾ ਮੂਰਤੀ ਨਾਲ ਹੋਇਆ ਤੇ ਉਹ ਹੁਣ ਦੋ ਧੀਆਂ ਦਾ ਬਾਪ ਹੈ। ਉਹ ਸਾਲ 2015 ਵਿਚ ਪਹਿਲੀ ਵਾਰ ਕੰਸਰਵੇਟਿਵ ਪਾਰਟੀ ਦੀ ਟਿਕਟ 'ਤੇ ਰਿਚਮੰਡ ਹਲਕੇ ਤੋਂ ਐਮ ਪੀ ਚੁਣਿਆ ਗਿਆ ਸੀ। ਉਸ ਨੇ 2017 ਅਤੇ 2019 ਵਿਚ ਮੁੜ ਇਸੇ ਹਲਕੇ ਤੋਂ ਜਿੱਤ ਪ੍ਰਾਪਤ ਕੀਤੀ। 2017 ਵਿਚ ਉਸ ਨੂੰ ਪਹਿਲੀ ਵਾਰ ਕੰਸਰਵੇਟਿਵ ਪਾਰਟੀ ਦੀ ਸਰਕਾਰ ਵਿਚ ਮੰਤਰੀ ਬਣਾਇਆ ਗਿਆ। 2020 ਵਿਚ ਉਹ ਵਿੱਤ ਮੰਤਰੀ ਬਣਿਆ ਅਤੇ 5 ਜੁਲਾਈ 2022 ਤੱਕ ਇਸ ਅਹੁਦੇ 'ਤੇ ਰਿਹਾ। ਕਰੋਨਾ ਮਹਾਮਾਰੀ ਦੌਰਾਨ ਉਸ ਨੇ ਇੰਗਲੈਂਡ ਦੇ ਅਰਥਚਾਰੇ ਨੂੰ ਸਥਿਰ ਰੱਖਣ ਵਿਚ ਅਹਿਮ ਭੂਮਿਕਾ ਨਿਭਾਈ। ਜੂਨ-ਜੁਲਾਈ 2022 ਵਿਚ ਤਤਕਾਲੀਨ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਦੁਆਰਾ ਕਰੋਨਾ ਮਹਾਮਾਰੀਆਂ ਦੌਰਾਨ ਦਿੱਤੀਆਂ ਪਾਰਟੀਆਂ ਅਤੇ ਕਰਿਸ਼ ਪਿੰਚਰ ਜਿਸ 'ਤੇ ਕਈ ਤਰ੍ਹਾਂ ਦੇ ਦੋਸ਼ ਲੱਗੇ ਹੋਏ ਸਨ, ਦੀ ਨਿਯੁਕਤੀ ਬਾਰੇ ਵਿਵਾਦ ਭਖਿਆ ਅਤੇ ਜੌਹਨਸਨ ਨੂੰ ਪ੍ਰਧਾਨ ਮੰਤਰੀ ਪਦ ਤੋ ਅਸਤੀਫ਼ਾ ਦੇਣਾ ਪਿਆ। ਸੂਨਕ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਣਿਆ ਪਰ ਕੰਸਰਵੇਟਿਵ ਪਾਰਟੀ ਦੀਆਂ ਚੋਣਾਂ ਵਿਚ ਉਹ ਲਿਜ਼ ਟਰੱਸ ਤੋਂ ਹਾਰ ਗਿਆ। ਹੁਣ ਹਾਲਾਤ ਇਹ ਬਣੇ ਕਿ ਲਿਜ਼ ਟਰੱਸ ਸਰਕਾਰ ਚਲਾਉਣ ਵਿਚ ਅਸਫ਼ਲ ਰਹੀ ਤੇ ਪਾਰਟੀ ਨੇ ਇਸ ਸੰਕਟ ਦੀ ਘੜੀ ਰਿਸ਼ੀ ਸੂਨਕ ਨੂੰ ਬਿਨਾ ਮੁਕਾਬਲਾ ਪਾਰਟੀ ਆਗੂ ਤੇ ਪ੍ਰਧਾਨ ਮੰਤਰੀ ਲਈ ਚੁਣ ਲਿਆ।



ਗੰਭੀਰ ਆਰਥਿਕ ਸੰਕਟ ਨਾਲ ਜੂਝ ਰਹੇ ਯੂਕੇ ਦੇ ਸਾਲ ਵਿਚ ਤੀਸਰਾ ਪ੍ਰਧਾਨ ਮੰਤਰੀ ਬਣਨ ਵਾਲੇ ਸੂਨਕ ਸਾਹਮਣੇ ਅਜਿਹੇ ਸਮੇਂ ਦੀ ਦੇਸ਼ ਦੀ ਵਾਗਡੋਰ ਸੰਭਾਲਣਾ ਤੇ ਉਸਨੂੰ ਸੰਕਟ ਚੋ ਕੱਢਣਾ ਚੁਣੌਤੀਪੂਰਣ ਹੈ। ਇਹ ਅਤਿ ਦੀ ਮਹਿੰਗਾਈ ਦਾ ਉਹ ਸਮਾਂ ਹੈ ਜਦੋਂ ਕਰੋੜਾਂ ਲੋਕ ਆਪਣੇ ਫੂਡ ਦੇ ਬਿਜਲੀ ਬਿਲ ਅਦਾ ਕਰਨ ਲਈ ਸੰਕਟ ਨਾਲ ਜੂਝ ਰਹੇ ਹਨ। ਆਰਥਿਕ ਮੁੱਦੇ ਉਪਰ ਬੁਰੀ ਤਰਾਂ ਘਿਰੀ ਅਹੁਦਾ ਛੱਡਣ ਵਾਲੀ ਪ੍ਰਧਾਨ ਮੰਤਰੀ ਲਿਜ਼ ਟਰੱਸ ਵਲੋ ਅਸਤੀਫਾ ਦੇਣ ਉਪਰੰਤ ਪਾਰਟੀ ਨੇ ਸੋਮਵਾਰ ਨੂੰ ਹੋਈ ਲੀਡਰਸ਼ਿਪ ਚੋਣ ਵਿਚ ਸੂਨਕ ਨੂੰ ਆਰਥਿਕ ਸੰਕਟ ਨਾਲ ਸਿੱਝਣ ਲਈ ਨਵਾਂ ਨੇਤਾ ਚੁਣਿਆ। ਲਿਜ਼ ਟਰੱਸ ਵਲੋਂ ਟੈਕਸਾਂ ਵਿਚ ਕਟੌਤੀ ਤੇ ਧਨਾਢਾਂ ਨੂੰ ਐਲਾਨੀਆਂ ਗਈਆਂ ਟੈਕਸ ਛੋਟਾਂ ਦੀ ਬਦੌਲਤ ਮੁਲਕ ਸਿਰ ਕਰਜੇ ਦਾ ਬੋਝ ਇਤਨਾ ਵਧ ਗਿਆ ਕਿ ਬੈਂਕ ਆਫ ਇੰਗਲੈਂਡ ਨੂੰ ਦਖਲ ਦੇਣ ਲਈ ਮਜ਼ਬੂਰ ਹੋਣਾ ਪਿਆ। ਜਿਸ ਕਾਰਣ ਪਾਰਟੀ ਦੇ ਅੰਦਰ ਅਤੇ ਬਾਹਰ ਲਿਜ਼ ਟਰੱਸ ਖਿਲਾਫ ਬਗਾਵਤ ਉਠ ਖੜੀ ਹੋਈ। ਰਿਸ਼ੀ ਸੂਨਕ ਲਈ ਇਕ ਮਹਾਨ ਮੁਲਕ ਦਾ ਪ੍ਰਧਾਨ ਮੰਤਰੀ ਬਣਨ ਲਈ ਸਦੀਆਂ ਪੁਰਾਣੀ ਕੰਸਰਵੇਟਿਵ ਪਾਰਟੀ ਦਾ ਆਗੂ ਚੁਣੇ ਜਾਣਾ ਵੀ ਕਿਸੇ ਕ੍ਰਿਸ਼ਮੇ ਤੋ ਘੱਟ ਨਹੀ। ਉਹ ਬੋਰਿਸ ਜੌਹਨਸਨ ਦੀ ਥਾਂ ਨਵਾਂ ਆਗੂ ਚੁਣੇ ਜਾਣ ਦੀ ਦੌੜ ਵਿਚ ਸ਼ਾਮਿਲ ਸੀ ਪਰ ਰੰਗ ਭੇਦ ਵਿਚ ਯਕੀਨ ਰੱਖਣ ਵਾਲੀ ਪਾਰਟੀ ਦੇ ਆਗੂ ਵਜੋ ਲਿਜ਼ ਟਰੱਸ ਬਾਜੀ ਮਾਰ ਗਈ। ਪਰ ਹੁਣ ਉਸੇ ਲਿਜ਼ ਨੂੰ ਪਿਛੇ ਹਟਣਾ ਪਿਆ ਤੇ ਰਿਸ਼ੀ ਮੂਲਕ ਨੂੰ ਪਾਰਟੀ ਦੇ 100 ਐਮ ਪੀ ਦਾ ਸਮਰਥਨ ਮਿਲਣ ਕਾਰਣ ਉਹ ਨਿਰਵਿਰੋਧ ਪਾਰਟੀ ਆਗੂ ਬਣ ਗਏ। ਸੂਨਕ ਦੇ ਮੁਕਾਬਲੇ ਵਿਚ ਹਾਊਸ ਆਫ ਕਾਮਨਜ਼ ਦੇ ਲੀਡਰ ਪੈਨੀ ਮੌਰਡੌਂਟ ਤੇ ਸਾਬਕਾ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਵੀ ਸਨ ਪਰ ਉਹਨਾਂ ਦੋਵਾਂ ਦੀ ਨਾਮਜ਼ਦਗੀ ਲਈ ਲੋੜੀਂਦੇ ਐਮ ਪੀ ਨੇ ਹਾਮੀ ਨਹੀ ਭਰੀ। ਰਿਸ਼ੀ ਸੂਨਕ ਨੇ ਸਮਰਾਟ ਵਲੋ ਪ੍ਰਧਾਨ ਮੰਤਰੀ ਬਣਨ ਦਾ ਸੱਦਾ ਮਿਲਣ ਉਪਰੰਤ 10 ਡਾਊਨਿੰਗ ਸਟਰੀਟ ਦੇ ਬਾਹਰ ਪ੍ਰੈਸ ਨੂੰ ਸੰਬੋਧਨ ਕਰਦਿਆਂ ਜਿਥੇ ਆਰਥਿਕ ਸੰਕਟ ਨਾਲ ਸਿੱਝਣ ਲਈ ਪਾਰਟੀ ਅਤੇ ਲੋਕਾਂ ਦੇ ਸਾਥ ਦੀ ਮੰਗ ਅਤੇ ਵਿਸ਼ਵਾਸ ਜਿੱਤਣ ਦੀ ਗੱਲ ਕੀਤੀ ਉਥੇ ਉਹਨਾਂ ਨੇ ਸਾਬਕਾ ਖਜਾਨਾ ਮੰਤਰੀ ਜਰਮੀ ਹੰਟ ਨੂੰ ਵੀ ਵਾਪਿਸ ਲੈਣ ਦਾ ਐਲਾਨ ਕੀਤਾ। ਇੰਗਲੈਂਡ ਦੇ 200 ਸਾਲਾ ਇਤਿਹਾਸ ਵਿਚ ਸਭ ਤੋ ਛੋਟੀ ਕੇਵਲ 42 ਸਾਲ ਦੀ ਉਮਰ ਵਿਚ ਪ੍ਰਧਾਨ ਮੰਤਰੀ ਬਣਨ ਵਾਲੇ ਸੂਨਕ ਨੇ ਮੁਲਕ ਨੂੰ ਉਸ ਆਰਥਿਕ ਸੰਕਟ ਤੇ ਚੁਣੌਤੀਆਂ ਦੀ ਗੱਲ ਕੀਤੀ ਜਿਸ ਕਾਰਣ ਪਿਛਲੇ ਥੋੜੇ ਸਮੇਂ ਵਿਚ ਦੋ ਪ੍ਰਧਾਨ ਮੰਤਰੀਆਂ ਨੂੰ ਸੱਤਾ ਤੋ ਲਾਂਭੇ ਹੋਣਾ ਪਿਆ। ਉਸਨੇ ਕਿਹਾ ਕਿ ਉਹ ਉਸ ਸਥਿਤੀ ਤੋ ਭਲੀਭਾਂਤ ਵਾਕਿਫ ਹੈ ਜਿਸ ਵਿਚੋ ਦੇਸ਼ ਇਸ ਸਮੇਂ ਨਿਕਲ ਰਿਹਾ ਹੈ। ਇਸ ਸਮੇਂ ਉਸਨੂੰ ਬਹੁਤ ਹੀ ਸਖਤ ਮਿਹਨਤ ਅਤੇ ਸਿਆਣਪ ਤੋ ਕੰਮ ਲੈਣਾ ਪਵੇਗਾ। ਸਭ ਤੋ ਮਹੱਤਵਪੂਰਣ ਪਾਰਟੀ ਦਾ ਸਾਥ ਅਤੇ ਲੋਕਾਂ ਦਾ ਵਿਸ਼ਵਾਸ ਹਾਸਲ ਕਰਨਾ ਹੋਵੇਗਾ। ਸੂਨਕ ਨੇ ਪ੍ਰਧਾਨ ਮੰਤਰੀ ਬਣਦਿਆਂ ਸਾਰ ਆਪਣੀ ਕੈਬਨਿਟ ਦਾ ਗਠਨ ਕੀਤਾ ਜਿਸ ਵਿਚ ਉਸਨੇ ਟਰੱਸ ਸਰਕਾਰ ਦੇ ਦਰਜਨਾਂ ਮੰਤਰੀ ਹਟਾ ਦਿੱਤੇ ਤੇ ਕੁਝ ਮਹੱਤਵਪੂਰਣ ਤੇ ਸੀਨੀਅਰ ਜਿਹਨਾਂ ਵਿਚ ਹੰਟ ਤੋ ਇਲਾਵਾ ਵਿਦੇਸ਼ ਮੰਤਰੀ ਜੇਮਜ਼ ਕਲੈਵਰਲੀ ਅਤੇ ਰੱਖਿਆ ਮੰਤਰੀ ਬੈਨ ਵਾਲੇਸ ਸ਼ਾਮਿਲ ਹਨ, ਨੂੰ ਆਪਣੀ ਕੈਬਨਿਟ ਵਿਚ ਸ਼ਾਮਿਲ ਕਰਨ ਦਾ ਐਲਾਨ ਕੀਤਾ। ਗ੍ਰਹਿ ਮੰਤਰੀ ਸੁਏਲਾ ਬਰੇਵਰਮੈਨ ਜਿਸਨੂੰ ਪਿਛਲੇ ਹਫਤੇ ਅਸਤੀਫਾ ਦੇਣਾ ਪਿਆ ਸੀ ਤੇ ਜੋ ਟਰੱਸ ਸਰਕਾਰ ਦੇ ਡਿਗਣ ਦਾ ਕਾਰਣ ਬਣੀ, ਨੂੰ ਵੀ ਵਾਪਿਸ ਕੈਬਨਿਟ ਵਿਚ ਲਿਆ ਗਿਆ ਹੈ। ਬਰੇਵਰਮੈਨ ਕੰਸਰਵੇਟਿਵ ਪਾਰਟੀ ਦੇ ਉਸ ਗਰੁੱਪ ਦੀ ਅਗਵਾਈ ਕਰਦੀ ਹੈ ਜੋ ਇਮੀਗ੍ਰੇਸ਼ਨ ਨੀਤੀਆਂ ਨੂੰ ਸਖਤ ਬਣਾਉਣ ਦੇ ਪੱਖ ਵਿਚ ਹਨ। ਉਸਨੇ ਆਪਣੇ ਇਕ ਬਿਆਨ ਵਿਚ ਕਿਹਾ ਸੀ ਜੋ ਲੋਕ ਯੂਕੇ ਵਿਚ ਰਾਜਸੀ ਸ਼ਰਨ ਮੰਗਦੇ ਹਨ, ਉਹਨਾਂ ਨੂੰ ਬ੍ਰਿਟੇਨ ਤੋ ਜਹਾਜ ਤੇ ਬਿਠਾਕੇ ਰਵਾਂਡਾ ਛੱਡ ਦੇਣਾ ਚਾਹੀਦਾ ਹੈ। ਸੂਨਕ ਨੇ ਪਹਿਲੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਦੀ ਕੈਬਨਿਟ ਦੇ ਮੈਂਬਰ ਡਿਪਟੀ ਪ੍ਰਧਾਨ ਮੰਤਰੀ ਡੋਮੀਨਿਕ ਰਾਬ ਅਤੇ ਮਾਈਕਲ ਗੋਵ ਨੂੰ ਵੀ ਆਪਣੀ ਕੈਬਨਿਟ ਵਿਚ ਥਾਂ ਦਿੱਤੀ ਹੈ। ਨਵੀਂ ਕੈਬਨਿਟ ਵੱਲ ਝਾਤ ਪਾਉਂਦਿਆਂ ਲੱਗਦਾ ਹੈ ਕਿ ਸੂਨਕ ਨੇ ਪਿਛਲੇ ਸਾਰੇ ਤਜੁਰਬੇਕਾਰ ਮੰਤਰੀ ਆਪਣੀ ਕੈਬਨਿਟ ਵਿਚ ਲਏ ਹਨ ਜਿਹਨਾਂ ਨੂੰ ਪਿਛਲੀਆਂ ਸਰਕਾਰਾਂ ਦੇ ਫੈਸਲਿਆਂ ਲਈ ਯਾਦਾਂ ਚੋ ਵਿਸਾਰਨਾ ਔਖਾ ਹੈ ਪਰ ਇਹ ਮੰਨਣ ਦੀ ਲੋੜ ਹੈ ਕਿ ਪਾਰਟੀ ਜਿਹਨਾਂ ਮੁੱਦਿਆਂ ਉਪਰ ਵੰਡੀ ਹੋਈ ਹੈ, ਉਹ ਬਹੁਤ ਗੰਭੀਰ ਹਨ। ਇਹਨਾਂ ਵਿਚ ਇਮੀਗ੍ਰੇਸ਼ਨ ਨੀਤੀ, ਯੂਰਪ ਨਾਲ ਸਬੰਧ ਅਤੇ ਆਰਥਿਕ ਸੰਕਟ ਨਾਲ ਨਿਪਟਣ ਲਈ ਟੈਕਸ ਨੀਤੀ, ਬਹੁਤ ਡੂੰਘੇ ਮਸਲੇ ਹਨ। ਇਹ ਕਹਿਣਾ ਵੀ ਆਸਾਨ ਨਹੀ ਕਿ ਕੰਸਰਵੇਟਿਵ ਪਾਰਟੀ ਵਿਚ ਬੈਠੇ ਟਰੱਸ ਅਤੇ ਬੋਰਿਸ ਦੇ ਹਮਾਇਤੀ ਸੂਨਕ ਨੂੰ ਬਿਨਾਂ ਵਿਰੋਧ ਕੰਮ ਕਰਨ ਦੇਣਗੇ। ਪਾਰਲੀਮੈਂਟ ਵਿਚ ਪਿਛਲੇ ਬੈਂਚਾਂ ਉਪਰ ਬੈਠਣ ਵਾਲੇ ਟਰੱਸ, ਬੋਰਿਸ ਹਮਾਇਤੀਆਂ ਨੂੰ ਰੌਲਾ ਪਾਉਣ ਤੋ ਰੋਕਿਆ ਨਹੀ ਜਾ ਸਕਦਾ। ਸ਼ਾਇਦ ਇਸੇ ਲਈ ਲੇਬਰ ਪਾਰਟੀ ਦੇ ਇਕ ਆਗੂ ਦਾ ਕਹਿਣਾ ਹੈ ਕਿ ਇਹ ਕੋਈ ਨਵੀਂ ਸ਼ੁਰੂਆਤ ਨਹੀ ਹੈ ਬਲਕਿ ਇਹ ਉਹੀ ਕੰਸਰਵੇਟਿਵ ਪਾਰਟੀ ਦੀ ਕੈਬਨਿਟ ਹੈ, ਜੋ ਹੁਣ ਤੱਕ ਕਾਵਾਂਰੌਲੀ ਪਾਉਣ ਵਿਚ ਮੋਹਰੀ ਰਹੀ ਹੈ। ਬਿਨਾਂ ਸ਼ੱਕ ਬੋਰਿਸ ਸਰਕਾਰ ਵਿਚ ਵਿਤ ਮੰਤਰੀ ਹੁੰਦਿਆਂ ਸੂਨਕ ਨੇ ਕੋਵਿਡ ਮਹਾਂਮਾਰੀ ਦੌਰਾਨ ਕਾਰੋਬਾਰੀਆਂ ਤੇ ਵਰਕਰਾਂ ਦੀ ਸਹਾਇਤਾ ਲਈ ਅਰਬਾਂ ਡਾਲਰ ਫੰਡ ਦੀ ਸਹੀ ਵਰਤੋ ਕਰਦਿਆਂ ਸਰਾਹਨਾ ਖੱਟੀ ਸੀ ਪਰ ਹੁਣ ਉਸਦੇ ਸਾਹਮਣੇ ਕਰਜੇ ਵਿਚ ਡੁੱਬੀ ਸਰਕਾਰ ਤੇ ਮਹਿੰਗਾਈ ਉਪਰ ਕਾਬੂ ਪਾਉਣਾ ਇਤਨਾ ਆਸਾਨ ਕਾਰਜ ਨਹੀ। ਉਹ ਉਚੀਆਂ ਟੈਕਸ ਦਰਾਂ ਅਤੇ ਜਨਤਕ ਖਰਚਿਆਂ ਵਿਚ ਕਟੌਤੀ ਨੂੰ ਕਿਵੇਂ ਲਵੇਗਾ-ਵੱਡਾ ਸਵਾਲ ਹੈ। ਤਨਖਾਹਾਂ ਨੂੰ ਲੈਕੇ ਰੇਲਵੇ ਸਟਾਫ, ਟੈਲੀਕਾਮ ਵਰਕਰ, ਗਾਰਬੇਜ਼ ਕੁਲੈਕਟਰ, ਵਕੀਲ ਅਤੇ ਡੌਕ ਵਰਕਰ ਪਹਿਲਾਂ ਹੀ ਹੜਤਾਲ ਦੀ ਰਾਹ ਤੇ ਹਨ। ਸੂਨਕ ਨੇ ਔਖੇ ਤੇ ਸਖਤ ਫੈਸਲਿਆਂ ਦੀ ਗੱਲ ਕਰਦਿਆਂ ਅਗਲਾ ਰਸਤੇ ਨੂੰ ਔਖਿਆਈ ਭਰਿਆ ਕਬੂਲ ਕਰਦਿਆਂ ਦਾਅਵਾ ਕੀਤਾ ਹੈ ਕਿ ਉਸਦੀ ਸਰਕਾਰ ਇਕਮੁੱਠਤਾ, ਪੇਸ਼ੇਵਰ ਅਤੇ ਜਵਾਬਦੇਹੀ ਵਾਲੀ ਪਹੁੰਚ ਨਾਲ ਔਖੇ ਪੈਂਡੇ ਤਹਿ ਕਰ ਲਵੇਗੀ। ਜਿਵੇਂ ਵੀ ਹੈ ਆਰਥਿਕ ਸੰਕਟ ਵਿਚ ਫਸੀ ਯੂਕੇ ਸਰਕਾਰ ਅਤੇ ਨਵੇਂ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਲਈ ਇਹ ਅਗਨੀ ਪ੍ਰੀਖਿਆ ਵਾਲੀ ਘੜੀ ਹੈ। ਆਪਣੀ ਨਵੀ ਕੈਬਨਿਟ ਦੀ ਚੋਣ ਉਪਰੰਤ ਉਸਦੇ ਸਾਹਮਣੇ 31 ਅਕਤੂਬਰ ਨੂੰ ਸਦਨ ਵਿਚ ਪੇਸ਼ ਕੀਤੀ ਜਾਣ ਵਾਲੀ ਬਜਟ ਸਟੇਟਮੈਂਟ ਹੈ। ਇਹ ਬਜਟ ਸਟੇਟਮੈਂਟ ਹੀ ਖੁਲਾਸਾ ਕਰੇਗੀ ਕਿ ਸੂਨਕ ਸਰਕਾਰ ਅਰਬਾਂ ਡਾਲਰ ਦੇ ਖੱਪੇ ਨੂੰ ਭਰਨ ਅਤੇ ਮਹਿੰਗਾਈ ਉਪਰ ਕਾਬੂ ਪਾਉਣ ਲਈ ਕਿਸ ਯੋਜਨਾ ਉਪਰ ਕੰਮ ਰਹੀ ਹੈ। ਇਸ ਦੌਰਾਨ ਯੂਕੇ ਵਿਚ ਨਵੀਆਂ ਚੋਣਾਂ ਦੀ ਮੰਗ ਵੀ ਉਠਣ ਲੱਗੀ ਹੈ। ਭਾਵੇਂਕਿ ਕਨੂੰਨ ਮੁਤਾਬਿਕ 2024 ਦੇ ਅੰਤ ਤੱਕ ਆਮ ਚੋਣਾਂ ਦਾ ਮੌਕਾ ਨਹੀ ਹੈ ਪਰ ਜਨਤਕ ਦਬਾਅ ਅਤੇ ਆਰਥਿਕ ਸੰਕਟ ਅਚਾਨਕ ਨਵੀਆਂ ਚੋਣਾਂ ਲਈ ਕੋਈ ਵੀ ਪੈਦਾ ਕਰ ਸਕਦਾ ਹੈ। ਮਾਹਿਰਾਂ ਦੀ ਰਾਇ ਹੈ ਕਿ ਅਗਰ ਸੂਨਕ ਪੂਰੀ ਇਮਾਨਦਾਰੀ ਅਤੇ ਸਿਆਣਪ ਨਾਲ ਕੰਸਰਵੇਟਿਵ ਪਾਰਟੀ ਨੂੰ ਅਗਵਾਈ ਦੇ ਪਾਉਂਦੇ ਹਨ ਤੇ ਇਹ ਸਾਬਿਤ ਕਰ ਦਿੰਦੇ ਹਨ ਕਿ ਕੰਸਰਵੇਟਿਵ ਪਾਰਟੀ ਉਚਿਤ ਤੇ ਸਖਤ ਫੈਸਲੇ ਲੈਣ ਦੇ ਯੋਗ ਹੈ ਤਾਂ ਕੋਈ ਕਾਰਣ ਨਹੀ ਕਿ ਸੂਨਕ ਇਕ ਕਾਮਯਾਬ ਪ੍ਰਧਾਨ ਮੰਤਰੀ ਸਾਬਿਤ ਨਹੀ ਹੁੰਦੇ। ਅਗਰ ਉਹ ਵੀ ਪਿਛਲੇ ਪ੍ਰਧਾਨ ਮੰਤਰੀਆਂ ਵਾਲੀਆਂ ਗਲਤੀਆਂ ਦੁਹਰਾਉਂਦੇ ਹਨ ਤੇ ਕੰਸਰਵੇਟਿਵ ਪਾਰਟੀ ਦਾ ਵਿਸ਼ਵਾਸ ਹਾਸਲ ਨਹੀ ਕਰ ਪਾਉਂਦੇ ਤਾਂ ਸੂਨਕ ਦੇ ਨਾਲ ਪਾਰਟੀ ਨੂੰ ਲੋਕ ਰੋਹ ਅਤੇ ਸਜਾ ਲਈ ਤਿਆਰ ਰਹਿਣਾ ਹੋਵੇਗਾ।






# ਸਿੱਖਿਆ ਮੁਲਾਜ਼ਮਾਂ ਨੂੰ ਹੜਤਾਲ ਤੋਂ ਰੋਕਣ ਲਈ ਕਾਨੂੰਨ ਦੀ ਧਾਰਾ ਦੀ ਵਰਤੋਂ ਗਲਤ ਤੇ ਅਣਉਚਿੱਤ-ਟਰੂਡੋ



ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੂੰ ਕਿਹਾ ਕਿ ਉਨ੍ਹਾਂ ਦੀ ਸਿੱਖਿਆ ਮੁਲਾਜ਼ਮਾਂ ਨੂੰ ਹੜਤਾਲ ਕਰਨ ਤੋਂ ਰੋਕਣ ਦੇ ਇਰਾਦੇ ਨਾਲ ਕਾਨੂੰਨ ਦੀ ਧਾਰਾ ਦੀ ਪਹਿਲਾਂ ਤੋਂ ਪ੍ਰਭਾਵੀ ਵਰਤੋਂ ਗਲਤ ਅਤੇ ਅਣਉਚਿੱਤ ਹੈ। ਪ੍ਰਧਾਨ ਮੰਤਰੀ ਨੇ ਕਾਮਿਆਂ ਦੇ ਅਧਿਕਾਰਾਂ ਸਮੇਤ ਕੈਨੇਡੀਅਨਾਂ ਦੇ ਹੱਕਾਂ ਤੇ ਆਜ਼ਾਦੀਆਂ ਲਈ ਖੜੇ ਹੋਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਹ ਇਸ ਗੱਲ ਲਈ ਸਪਸ਼ਟ ਹਨ ਕਿ ਕੈਨੇਡੀਅਨ ਚਾਰਟਰ ਆਫ ਰਾਈਟਸ ਐਂਡ ਫਰੀਡਮ ਦੀ ਪੇਸ਼ਗੀ ਵਰਤੋਂ ਗਲਤ ਤੇ ਅਣਉਚਿੱਤ ਹੈ ਅਤੇ ਇਸ ਦੀ ਬਹੁਤ ਹੀ ਅਸਾਧਾਰਣ ਸਥਿਤੀਆਂ ਵਿਚ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਇਸ ਦੇ ਜਵਾਬ ਵਿਚ ਪ੍ਰੀਮੀਅਰ ਨੇ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਮਹਾਂਮਾਰੀ ਕਾਰਨ ਦੋ ਸਾਲਾਂ ਦੇ ਵਿਘਨ ਪਿੱਛੋਂ ਹੜਤਾਲ ਦੀ ਇਜਾਜ਼ਤ ਦੇਣ ਕਾਰਨ ਵਿਦਿਆਰਥੀਆਂ 'ਤੇ ਸਵੀਕਾਰ ਨਾ-ਕਰਨਯੋਗ ਪ੍ਰਭਾਵ ਪਵੇਗਾ।

# ਗਿਆਨ ਸਿੰਘ ਸੰਧੂ ਦੀਆਂ ਦੋ ਸ਼ਾਹਮੁਖੀ ਕਿਤਾਬਾਂ ਕਸ਼ਮੀਰ ਵਿਚ ਰਿਲੀਜ਼



ਸਰੀ (ਹਰਦਮ ਮਾਨ)-ਕੈਨੇਡਾ ਦੇ ਨਾਮਵਰ ਸਿੱਖ ਸਕਾਲਰ ਸਰਦਾਰ ਗਿਆਨ ਸਿੰਘ ਸੰਧੂ ਦੀਆਂ ਦੋ ਸ਼ਾਹਮੁਖੀ ਕਿਤਾਬਾਂ ਦੀ ਘੁੰਡ-ਚੁਕਾਈ ਕਸ਼ਮੀਰ ਜਨਤੇ ਬੇਨਜ਼ੀਰ ਵਿੱਚ ਬਹੁਤ ਹੀ ਭਾਵਪੂਰਤ ਮਾਹੌਲ ਵਿੱਚ ਕੀਤੀ ਗਈ। ਇਹ ਜਾਣਕਾਰੀ ਦਿੰਦਿਆਂ ਡਾ. ਜਸਬੀਰ ਸਿੰਘ ਸਰਨਾ ਨੇ ਦੱਸਿਆ ਹੈ ਕਿ ਡਾ. ਕੀਰਤ ਸਿੰਘ ਇਨਕਲਾਬੀ, ਡਾ. ਚਿੰਤਨਜੀਤ ਕੌਰ, ਬਲਜੀਤ ਕੌਰ, ਡਾ. ਜਸਬੀਰ ਸਿੰਘ ਸਰਨਾ, ਪਰਮਜੀਤ ਕੌਰ ਅਤੇ ਇੰਜੀਨੀਅਰ ਤਰਨਜੋਤ ਸਿੰਘ ਨੇ ਇਹ ਕਿਤਾਬਾਂ ਰਿਲੀਜ਼ ਕਰਨ ਦੀ ਰਸਮ ਸਾਂਝੇ ਤੌਰ 'ਤੇ ਅਦਾ ਕੀਤੀ। ਸ਼ੁਰੂਆਤ ਵਿਚ ਡਾ. ਜਸਬੀਰ ਸਿੰਘ ਸਰਨਾ ਨੇ ਗਿਆਨ ਸਿੰਘ ਸੰਧੂ ਬਾਰੇ ਸੰਖੇਪ ਸ਼ਬਦਾਂ ਵਿੱਚ ਜਾਣ-ਪਛਾਣ ਕਰਵਾਈ ਅਤੇ ਬਾਅਦ ਵਿੱਚ ਉਨ੍ਹਾਂ ਦੇ ਸੰਘਰਸ਼ਸ਼ੀਲ ਜੀਵਨ ਬਾਰੇ ਭਾਵਪੂਰਤ ਚਾਨਣਾ ਪਾਇਆ। ਉਸ ਤੋਂ ਬਾਅਦ 'ਜਿਹਲਮ ਦਾ ਪਾਣੀ' ਦੇ ਚੀਫ਼ ਐਡੀਟਰ ਡਾ. ਕੀਰਤ ਸਿੰਘ ਇਨਕਲਾਬੀ ਨੇ ਦੋਵਾਂ ਕਿਤਾਬਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਪੱਛਮੀ ਪੰਜਾਬ ਦੇ ਹਰਮਨ ਪਿਆਰੇ ਅਦੀਬ ਪ੍ਰੋ. ਆਸ਼ਿਕ ਰਹੀਲ ਦਾ ਖਾਸ ਤੌਰ 'ਤੇ ਧੰਨਵਾਦ ਕੀਤਾ ਜਿਨ੍ਹਾਂ 'ਅਣਗਾਹੇ ਰਾਹ' ਦਾ ਸ਼ਾਹਮੁਖੀ ਵਿੱਚ ਖ਼ੂਬਸੂਰਤੀ ਨਾਲ ਲਿਪੀਅੰਤਰ ਕੀਤਾ ਹੈ ਅਤੇ ਕੈਨੇਡਾ ਦੇ ਸਰਗਰਮ ਸਿੱਖ ਸਕਾਲਰ ਸਰਦਾਰ ਜੈਤੇਗ ਸਿੰਘ ਅਨੰਤ ਦਾ ਦਿਲੋਂ ਧੰਨਵਾਦ ਕੀਤਾ ਜੋ ਇਨ੍ਹਾਂ ਸਾਰੇ ਕੰਮਾਂ ਲਈ ਮੋਹਰੀ ਹੋ ਕੇ ਚੁੰਬਕੀ ਸ਼ਕਤੀ ਦੀ ਕਸ਼ਿਸ਼ ਰੱਖਦੇ ਹਨ। ਸਰਦਾਰ ਗਿਆਨ ਸਿੰਘ ਨੇ ਇਸ ਕਿਤਾਬ ਵਿੱਚ ਸਵੈ-ਜੀਵਨੀ, ਇਤਿਹਾਸ, ਸਫਰਨਾਮਾ, ਸੰਘਰਸ਼ਮਈ ਗਾਥਾ ਆਦਿ ਨੂੰ ਪਾਠਕਾਂ ਦੇ ਕੈਨਵਸ 'ਤੇ ਉਤਾਰਨ ਦਾ ਬੇਬਾਕੀ ਨਾਲ ਯਤਨ ਕੀਤਾ ਹੈ। ਇਹ ਕਿਤਾਬ ਪਹਿਲਾਂ ਅੰਗਰੇਜ਼ੀ ਵਿੱਚ ਪ੍ਰਕਾਸ਼ਿਤ ਹੋਈ ਸੀ, ਫ਼ਿਰ ਗੁਰਮੁਖੀ ਅਤੇ ਹੁਣ ਸ਼ਾਹਮੁਖੀ ਵਿੱਚ ਪ੍ਰਕਾਸ਼ਿਤ ਕੀਤੀ ਗਈ ਹੈ ਤਾਂ ਜੋ ਦੋਵਾਂ ਪੰਜਾਬਾਂ ਦੇ ਪਾਠਕ ਇਸ ਨੂੰ ਪੜ੍ਹ ਕੇ ਆਨੰਦ ਲੈ ਸਕਣ। ਦੂਜੀ ਕਿਤਾਬ 'ਸਿੱਖ ਧਰਮ ਬਾਰੇ 20 ਮਿੰਟਾਂ ਦੀ ਜਾਣਕਾਰੀ' ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਸਾਂਝੇ ਪੰਜਾਬ ਦੀ ਧੀ ਅਤੇ ਝੰਗ ਯੂਨੀਵਰਸਿਟੀ ਦੀ ਵਾਈਸ ਚਾਂਸਲਰ ਪ੍ਰੋ. ਡਾ. ਨਬੀਲਾ ਰਹਿਮਾਨ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਇਸ ਦਾ ਸ਼ਾਹਮੁਖੀ ਵਿੱਚ ਲਿਪੀ ਅੰਤਰ ਕਰਕੇ ਪੰਜਾਬੀਅਤ ਦਾ ਮਾਣ ਵਧਾਇਆ ਹੈ। ਅਖੀਰ ਵਿਚ ਉਨ੍ਹਾਂ ਸਰਦਾਰ ਗਿਆਨ ਸਿੰਘ ਸੰਧੂ, ਪ੍ਰੋ ਆਸ਼ਿਕ ਰਹੀਲ, ਪ੍ਰੋ ਡਾ. ਨਬੀਲਾ ਰਹਿਮਾਨ ਅਤੇ ਨਾਮਵਰ ਸਿੱਖ ਚਿੰਤਕ ਜੈਤੇਗ ਸਿੰਘ ਅਨੰਤ ਨੂੰ ਇਨ੍ਹਾਂ ਕਿਤਾਬਾਂ ਦੀ ਪ੍ਰਕਾਸ਼ਨਾ ਲਈ ਦਿਲੀ ਮੁਬਾਰਕਬਾਦ ਦਿੱਤੀ।

# ਦੱਖਣੀ ਕੋਰੀਆ ਵਿਚ ਹੈਲੋਵੀਨ ਭੀੜ ਵਿਚ ਮਰਨ ਵਾਲੇ ਵਿਅਕਤੀਆਂ ਦੀ ਗਿਣਤੀ 153 ਹੋਈ


ਸਿਓਲ-ਦੱਖਣੀ ਕੋਰੀਆ ਦੀ ਰਾਜਧਾਨੀ ਸਿਓਲ ਦੇ ਨਾਈਟਲਾਈਫ ਡਿਸਟ੍ਰਿਕਟ ਵਿਚ ਵੱਡੀ ਹੈਲੋਵੀਨ ਪਾਰਟੀ ਦੀ ਭੀੜ ਦੇ ਇਕ ਤੰਗ ਗਲੀ ਵਿਚ ਫਸ ਜਾਣ ਪਿੱਛੋਂ ਭਗਦੜ ਵਿਚ 150 ਤੋਂ ਵੀ ਵੱਧ ਵਿਅਕਤੀ ਮਾਰੇ ਗਏ ਜਿਸ ਕਾਰਨ ਸਮੁੱਚਾ ਦੇਸ਼ ਸੋਗ ਵਿਚ ਡੁੱਬਿਆ ਹੋਇਆ ਹੈ। ਮਰਨ ਵਾਲੇ ਵਿਅਕਤੀਆਂ ਵਿਚ 20 ਤੇ 30 ਦੇ ਦਹਾਕੇ ਦੇ ਵਿਅਕਤੀ ਸਨ। ਚਿੰਤਤ ਰਿਸ਼ਤੇਦਾਰ ਆਪਣੇ ਅਜ਼ੀਜ਼ਾਂ ਦੀ ਭਾਲ ਵਿਚ ਹਸਪਤਾਲਾਂ ਵੱਲ ਭੱਜ ਰਹੇ ਸਨ। ਚਸ਼ਮਦੀਦ ਗਵਾਹਾਂ ਨੇ ਦੱਸਿਆ ਕਿ ਇਟਾਵੋਨ ਇਲਾਕੇ ਵਿਚ ਸਨਿਚਰਵਾਰ ਰਾਤ ਨੂੰ ਭੀੜ ਦੇ ਵਾਧੇ ਕਾਰਨ ਨਰਕ ਵਰਗੀ ਅਫਰਾ ਤਫਰੀ ਮਚ ਗਈ ਕਿਉਂਕਿ ਲੋਕ ਡੋਮੀਨੋਜ਼ ਵਾਂਗ ਇਕ ਦੂਸਰੇ ਦੇ ਉੱਪਰ ਡਿਗ ਪਏ। ਕਈ ਵਿਅਕਤੀਆਂ ਦੇ ਨੱਕ ਤੇ ਮੂੰਹ ਵਿਚੋਂ ਖੂਨ ਵਹਿ ਰਿਹਾ ਸੀ ਅਤੇ ਉਨ੍ਹਾਂ ਨੂੰ ਸੀਪੀਆਰ ਦਿੱਤੀ ਜਾ ਰਹੀ ਸੀ ਜਦਕਿ ਹੋਰ ਸਥਿਤੀ ਦੀ ਗੰਭੀਰਤਾ ਨੂੰ ਜਾਣੇ ਬਿਨ੍ਹਾਂ ਹੈਲੋਵੀਨ ਦੇ ਪਹਿਰਾਵੇ ਵਿਚ ਗਾਉਂਦੇ ਰਹੇ ਤੇ ਨੱਚਦੇ ਰਹੇ। ਇਟਾਵੋਨ ਵਿਚ ਸੈਰਸਪਾਟਾ ਨੂੰ ਉਤਸ਼ਾਹਿਤ ਕਰਨ ਵਾਲੇ ਗੈਰਸਰਕਾਰੀ ਸੰਗਠਨ ਦੇ ਇਕ ਅਧਿਕਾਰੀ ਕਿਮ ਮੀ ਸੰਗ ਨੇ ਕਿਹਾ ਕਿ ਉਹ ਅਜੇ ਤਕ ਵਿਸ਼ਵਾਸ਼ ਨਹੀਂ ਕਰ ਸਕਦੀ ਕਿ ਕੀ ਵਾਪਰਿਆ ਹੈ। ਕਿਮ ਨੇ ਦੱਸਿਆ ਕਿ ਉਸ ਨੇ 10 ਵਿਅਕਤੀਆਂ ਦੀ ਸੀਪੀਆਰ ਕੀਤੀ ਜਿਹੜੇ ਬੇਹੋਸ਼ ਸਨ ਅਤੇ ਉਨ੍ਹਾਂ ਵਿਚੋਂ 9 ਨੂੰ ਮੌਕੇ 'ਤੇ ਮ੍ਰਿਤਕ ਐਲਾਨ ਦਿੱਤਾ ਗਿਆ। ਮਾਰੇ ਗਏ ਵਿਅਕਤੀਆਂ ਵਿਚੋਂ ਘੱਟੋ ਘੱਟ 20 ਚੀਨ, ਰੂਸ, ਈਰਾਨ ਤੇ ਹੋਰ ਦੇਸ਼ਾਂ ਦੇ ਨਾਗਰਿਕ ਸਨ। ਦੇਸ਼ ਦੇ ਸਭ ਤੋਂ ਵੱਡੇ ਆਊਟਡੋਰ ਹੈਲੋਵੀਨ ਤਿਉਹਾਰਾਂ ਲਈ ਇਟਾਵੋਨ ਵਿਚ ਲਗਪਗ ਇਕ ਲੱਖ ਲੋਕ ਇਕੱਤਰ ਹੋਏ ਸਨ।


ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.



India Bookworld
Shop Online At:
www.indiabookworld.ca


ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।




604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca



idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਕੈਨੇਡਾ ’ਚ ਸਿੱਖਾਂ ਦੀ ਆਜ਼ਾਦੀ ਲਈ ਰਾਏਸ਼ੁਮਾਰੀ ਨੂੰ ਲੈ ਕੇ ਹੋਈਆਂ ਦੋਵੇਂ ਧਿਰਾਂ ਆਹਮੋ ਸਾਹਮਣੇ-ਭਾਰਤ ਨੇ ਕੀਤੀ ਨਿਖੇਧੀ

ਓਟਵਾ-ਸਿੱਖਾਂ ਦੀ ਆਜ਼ਾਦੀ ਲਈ ਰਾਏਸ਼ੁਮਾਰੀ ਜਿਸ ਲਈ ਕੋਈ ਵੀ ਪਾਬੰਦ ਨਹੀਂ ਹੈ, ਨੂੰ ਲੈ ਕੇ ਭਾਰਤ ਦੀ ਹਿੰਦੂ ਰਾਸ਼ਟਰਵਾਦੀ ਸਰਕਾਰ ਨਾਰਾਜ਼ ਹੋ ਗਈ ਹੈ ਅਤੇ ਇਸ ਰਾਏਸ਼ਮਾਰੀ ਨੇ ਕੈਨੇਡਾ ਵਿਚ ਜਨੂੰਨ ਨੂੰ ਭੜਕਾਇਆ ਹੈ। ਓਨਟਾਰੀਓ ਵਿਚ ਮਿਸੀਸਾਗਾ ਵਿਚ ਪਾਰਕਿੰਗ ਵਿਚ ਇਕ ਦੂਸਰੇ ਸਾਹਮਣੇ ਤਲਵਾਰਾਂ ਲੈ ਕੇ ਖੜੀਆਂ ਦੋਵੇਂ ਧਿਰਾਂ ਇਸ ਤਰ੍ਹਾਂ ਲੱਗ ਰਹੀਆਂ ਸਨ ਜਿਵੇਂ ਮੱਧਯੁਗ ਦੀ ਲੜਾਈ ਦੀ ਸ਼ੁਰੂਆਤ ਹੋ ਰਹੀ ਹੈ। ਇਕ ਧਿਰ ਵਿਚ ਸ਼ਾਮਿਲ ਭੀੜ ਇਕ ਸੁਤੰਤਰ ਦੇਸ਼ ਜਿਸ ਨੂੰ ਕੁਝ ਸਿਖ ਭਾਰਤ ਵਿਚੋਂ ਵੱਖਰਾ ਬਣਾਉਣਾ ਚਾਹੁੰਦੇ ਹਨ ਖਾਲਿਸਤਾਨ ਦੇ ਝੰਡੇ ਲਹਿਰਾ ਰਹੀ ਸੀ ਅਤੇ ਦੂਸਰੀ ਧਿਰ ਭਾਰਤੀ ਤਿਰੰਗਾ ਲਹਿਰਾ ਰਹੀ ਸੀ। ਦੋਵਾਂ ਦੇ ਵਿਚਕਾਰ ਆਤਸ਼ਬਾਜ਼ੀ ਦੇ ਲਗਾਤਾਰ ਧਮਾਕੇ ਹੋ ਰਹੇ ਸਨ ਅਤੇ ਘਬਰਾਏ ਹੋਏ ਕੁਝ ਪੁਲਿਸ ਕਰਮਚਾਰੀ ਮੌਜੂਦ ਸਨ। ਕੋਈ ਹਿੰਸਾ ਨਹੀਂ ਵਾਪਰੀ ਪਰ ਭਾਰਤ ਦੀ ਹਿੰਦੂ-ਰਾਸ਼ਟਰਵਾਦੀ ਸਰਕਾਰ ਤੇ ਮੀਡੀਆ ਗੁੱਸੇ ਵਿਚ ਹੈ। ਲੰਬੇ ਸਮੇਂ ਤੋਂ ਉਡੀਕੀ ਜਾ ਰਹੀ ਪੰਜਾਬ ਬਾਰੇ ਰਾਏਸ਼ੁਮਾਰੀ ਵਿਚ ਕਈ ਦੇਸ਼ਾਂ ਵਿਚ ਰਹਿ ਰਹੇ ਸਿੱਖ ਧਰਮ ਨਾਲ ਸਬੰਧਤ ਲੋਕਾਂ ਨੂੰ ਪੁੱਛਿਆ ਜਾ ਰਿਹਾ ਹੈ ਕਿ ਕੀ ਉਹ ਚਾਹੁੰਦੇ ਹਨ ਕਿ ਸਿੱਖਾਂ ਦੀ ਬਹੁਗਿਣਤੀ ਵਾਲਾ ਭਾਰਤੀ ਸੂਬਾ ਪੰਜਾਬ ਇਕ ਸੁਤੰਤਰ ਰਾਸ਼ਟਰ ਬਣੇ। ਅੰਤਰਰਾਸ਼ਟਰੀ ਵੋਟਿੰਗ ਪ੍ਰਾਜੈਕਟ ਦੇ ਹਿੱਸੇ ਵਜੋਂ ਕੈਨੇਡਾ ਇਸ ਮੁੱਦੇ ’ਤੇ ਪਹਿਲਾਂ ਵੋਟਾਂ ਕਰਵਾਉਣ ਵਾਲੇ ਦੇਸ਼ਾਂ ਵਿਚੋਂ ਇਕ ਹੈ ਅਤੇ ਪ੍ਰਬੰਧਕਾਂ ਨੇ ਦਾਅਵਾ ਕੀਤਾ ਕਿ ਪਿਛਲੇ ਮਹੀਨੇ ਟੋਰਾਂਟੋ ਨੇੜੇ ਵੋਟਿੰਗ ਦੇ ਪਹਿਲੇ ਦਿਨ ਇਕ ਲੱਖ ਤੋਂ ਵੀ ਵੱਧ ਵਿਅਕਤੀਆਂ ਨੂੰ ਆਕਰਸ਼ਤ ਕੀਤਾ ਸੀ ਜਿਸ ਕਾਰਨ ਕਈ ਲੋਕਾਂ ਨੂੰ ਮੋੜ ਦਿੱਤਾ ਗਿਆ, ਅਸਲ ਵਿਚ 6 ਨਵੰਬਰ ਨੂੰ ਮਿਸੀਸਾਗਾ ਵਿਚ ਵੋਟਿੰਗ ਦਾ ਇਕ ਹੋਰ ਪ੍ਰੋਗਰਾਮ ਕਰਨ ਦੀ ਯੋਜਨਾ ਹੈ। ਰਾਏਸ਼ੁਮਾਰੀ ਦੇ ਪ੍ਰਬੰਧਕ ਸਿੱਖਸ ਫਾਰ ਜਸਟਿਸ ਦੇ ਗੁਰਪਤਵੰਤ ਸਿੰਘ ਪੰਨੂੰ ਨੇ ਕਿਹਾ ਕਿ ਅਸੀਂ ਕੋਈ ਹਿੰਸਾ ਨਹੀਂ ਚਾਹੁੰਦੇ। ਅਸੀਂ ਖਾਲਿਸਤਾਨ ਪੱਖੀ ਜਾਂ ਭਾਰਤ ਵਾਲੇ ਪਾਸੇ ਤੋਂ ਕੋਈ ਹਿੰਸਾ ਨਹੀਂ ਚਾਹੁੰਦੇ। ਅਸੀਂ ਕਹਿ ਰਹੇ ਹਾਂ ਕਿ ਵੋਟ ਪਾਉਣ ਦਾ ਇਕ ਮੌਕਾ ਦਿੱਤਾ ਜਾਵੇ, ਅਸੀਂ ਆਪਣੇ ਰਾਜਨੀਤਕ ਵਿਚਾਰਾਂ ਦੀ ਸੁਣਵਾਈ ਲਈ ਲੜਾਈ ਕਰ ਰਹੇ ਹਾਂ। ਜਿਥੇ ਸਿੱਖਸ ਫਾਰ ਜਸਟਿਸ ਇਸ ਨੂੰ ਸੁਤੰਤਰ ਸੋਚ ਲਈ ਸ਼ਾਂਤਮਾਈ ਕਾਰਵਾਈ ਕਹਿੰਦੀ ਹੈ ਉਥੇ ਭਾਰਤ ਸਰਕਾਰ ਨੂੰ ਇਸ ਤੋਂ ਖ਼ਤਰਾ ਲਗਦਾ ਹੈ। ਇਸ ਨੇ ਗਰੁੱਪ ਨੂੰ ਅੱਤਵਾਦੀ ਸੰਗਠਨ ਮਨੋਨੀਤ ਕੀਤਾ ਹੈ ਅਤੇ ਇਸ ਨੇ ਇੰਟਰਪੋਲ ਰਾਹੀਂ ਅਮਰੀਕਾ ਤੇ ਕੈਨੇਡਾ ਦੀ ਨਾਗਰਿਕਤਾ ਵਾਲੇ ਨਿਊਯਾਰਕ ਵਿਚ ਵਕਾਲਤ ਕਰ ਰਹੇ ਪੰਨੂੰ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਨ ਦੀ ਅਸਫਲ ਕੋਸ਼ਿਸ਼ ਕੀਤੀ ਹੈ। ਇਸੇ ਦੌਰਾਨ ਮੈਕਗਿਲ ਯੂਨੀਵਰਸਿਟੀ ਵਿਚ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਨਰੇਂਦਰ ਸੁਬਰਾਮਨੀਅਨ ਨੇ ਕਿਹਾ ਕਿ ਸਿੱਖ ਫਾਰ ਜਸਟਿਸ ਵੱਖਵਾਦੀ ਹੈ ਪਰ ਇਹ ਕਿਸੇ ਅੱਤਵਾਦੀ ਕਾਰਵਾਈ ’ਤੇ ਕੇਂਦਰਿਤ ਨਹੀਂ। ਉਨ੍ਹਾਂ ਕਿਹਾ ਕਿ ਸੁਤੰਤਰਤਾ ਅੰਦੋਲਨਾਂ ਨਾਲ ਭਾਰਤੀ ਸਰਕਾਰਾਂ ਨੇ ਹਮੇਸ਼ਾ ਦਮਨਕਾਰੀ ਵਿਵਹਾਰ ਕੀਤਾ ਪਰ ਹਿੰਦੂਤਵ ’ਤੇ ਕੇਂਦਰਿਤ ਮੋਦੀ ਪ੍ਰਸ਼ਾਸਨ ਇਸ ਮਾਮਲੇ ਵਿਚ ਸਾਰਿਆਂ ਤੋਂ ਵੱਧ ਹੈ।

# ਕੈਨੇਡੀਅਨ ਨਾਗਰਿਕ ਇਸਲਾਮਿਕ ਸਟੇਟ ਦੀ ਸਾਬਕਾ ਮੈਂਬਰ ਜ਼ਮਾਨਤ ’ਤੇ ਰਿਹਾਅ

ਵਿਕਟੋਰੀਆ-ਇਸਲਾਮਿਕ ਸਟੇਟ ਦੀ ਸਾਬਕਾ ਮੈਂਬਰ ਕਿੰਬਰਲੇ ਪੋਲਮੈਨ ਨੂੰ ਜ਼ਮਾਨਤ ’ਤੇ ਰਿਹਾਅ ਕਰ ਦਿੱਤਾ ਹੈ। ਉਹ ਆਪਣੀ ਭੈਣ ਦੇ ਨਾਲ ਰਹੇਗੀ ਅਤੇ ਉਸ ਨੂੰ 25 ਸ਼ਰਤਾਂ ਦੀ ਪਾਲਣਾ ਕਰਨੀ ਪਵੇਗੀ। ਪੋਲਮੈਨ ਜਿਹੜੀ ਕੈਨੇਡਾ ਛੱਡ ਕੇ ਕਈ ਸਾਲ ਇਸਲਾਮਿਕ ਸਟੇਟ ਅੱਤਵਾਦੀ ਸੰਗਠਨ ਦੇ ਨਾਲ ਰਹੀ ਸੀ ਹੁਣ ਕੈਨੇਡਾ ਵਾਪਸ ਆ ਗਈ ਹੈ ਅਤੇ ਉਹ ਚਿਲੀਵੈਕ ਵਿਚ ਰਹੇਗੀ। ਪੋਲਮੈਨ ਜਿਹੜੀ ਹਾਲ ਹੀ ਵਿਚ ਸੀਰੀਅਨ ਨਜ਼ਰਬੰਦੀ ਕੈਂਪ ਵਿਚ ਰਹਿ ਰਹੀ ਸੀ ਜੱਜ ਕ੍ਰਿਸਟੇਨ ਮੁੰਡਸਟੋਕ ਸਾਹਮਣੇ ਜ਼ਮਾਨਤ ਸਮਝੌਤੇ ਦੇ ਹਿੱਸੇ ਵਜੋਂ 25 ਸ਼ਰਤਾਂ ਦਾ ਸਾਹਮਣਾ ਕਰੇਗੀ। 46 ਸਾਲਾ ਪੋਲਮੈਨ ਆਪਣੀ ਭੈਣ ਨਾਲ ਚਿਲੀਵੈਕ ਵਿਚ ਰਹੇਗੀ। ਇਨ੍ਹਾਂ ਸ਼ਰਤਾਂ ਤਹਿਤ ਉਸ ਨੂੰ



ਨਿਗਰਾਨੀ ਰੱਖਣ ਵਾਲਾ ਇਲੈਕਟ੍ਰਾਮਿਕ ਬਰੇਸਲੈੱਟ ਪਹਿਨ ਕੇ ਰੱਖਣਾ ਪਵੇਗਾ ਅਤੇ ਉਸ ਦਾ ਘਰ ਜੀਪੀਐਸ ਨਿਗਰਾਨੀ ਯੰਤਰ ਨਾਲ ਲੈਸ ਹੋਣਾ ਚਾਹੀਦਾ ਹੈ। ਪੁਲਿਸ ਅਫਸਰ ਉਸ ਦੀ ਜਾਂਚ ਕਰਨ ਲਈ ਕਿਸੇ ਵੀ ਸਮੇਂ ਦਰਵਾਜਾ ਖੜਕਾ ਸਕਦਾ ਹੈ। ਪੋਲਮੈਨ ਨੂੰ 26 ਅਕਤੂਬਰ ਨੂੰ ਜਹਾਜ਼ ਰਾਹੀਂ ਮਾਂਟਰੀਅਲ ਪਹੁੰਚਣ ਪਿੱਛੋਂ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ ਨੂੰ ਤੁਰੰਤ ਵੈਨਕੂਵਰ ਭੇਜ ਦਿੱਤਾ ਗਿਆ। ਉਹ 2014 ਵਿਚ ਕੈਨੇਡਾ ਛੱਡ ਕੇ ਸੀਰੀਆ ਗਈ ਸੀ। ਉਸ ਨੇ ਸੀਰੀਆ ਵਿਚ ਇਸਲਾਮਿਕ ਸਟੇਟ ਦੇ ਇਕ ਲੜਾਕੇ ਨਾਲ ਵਿਆਹ ਕਰਵਾ ਲਿਆ ਅਤੇ 2019 ਤਕ ਇਸਲਾਮਿਕ ਸਟੇਟ ਨਾਲ ਰਹੀ। ਇਸ ਪਿੱਛੋਂ ਉਸ ਨੇ ਸੀਰੀਅਨ ਡੈਮੋਕਰੈਟਿਕ ਫੋਰਸਾਂ ਸਾਹਮਣੇ ਆਤਮ ਸਮਰਪਣ ਕਰ ਦਿੱਤਾ ਸੀ।

# ਕਿਊਬਕ ਪ੍ਰਤੀਨਿਧਾਂ ਨੂੰ ਸਦਨ ਵਿਚ ਬੈਠਣ ਲਈ ਸਮਰਾਟ ਪ੍ਰਤੀ ਵਫਾਦਾਰੀ ਦੀ ਸਹੁੰ ਚੁੱਕਣੀ ਲਾਜ਼ਮੀ

ਮਾਂਟਰੀਅਲ-ਕਿਊਬਕ ਦੇ 14 ਐਮਐਨਏ ਵਲੋਂ ਬਰਤਾਨੀਆ ਦੇ ਰਾਜੇ ਪ੍ਰਤੀ ਵਫਾਦਾਰੀ ਦੀ ਸਹੁੰ ਚੁੱਕਣ ਤੋਂ ਇਨਕਾਰ ਕਰਨ ਪਿੱਛੋਂ ਨੈਸ਼ਨਲ ਅਸੰਬਲੀ ਦੇ ਪ੍ਰਧਾਨ ਨੇ ਕਿਹਾ ਕਿ ਅਸੰਬਲੀ ਵਿਚ ਬੈਠਣ ਲਈ ਉਨ੍ਹਾਂ ਨੂੰ ਸਹੁੰ ਚੁੱਕਣੀ ਪਵੇਗੀ। ਪੈਰਾਡਿਸ ਨੇ ਆਪਣਾ ਫ਼ੈਸਲਾ ਕਿਊਬਕ ਸੋਲੀਡੇਅਰ ਦੇ ਸੰਸਦੀ ਨੇਤਾ ਗੈਬਰੀਅਲ ਨਡੇਉ ਡੁਬੋਇਸ ਤੇ ਪਾਰਟੀ ਕਿਊਬੇਕੋਇਸ ਦੇ ਨੇਤਾ ਪੌਲ ਸੇਂਟ-ਪੀਅਰੇ ਪਲੇਮੌਂਡਨ ਨੂੰ ਸੌਂਪ ਦਿੱਤਾ ਹੈ। ਪਾਰਟੀਜ਼ ਦੇ ਚੁਣੇ ਗਏ 14 ਐਮਐਨਏ ਨੇ ਬਰਤਾਵਨੀ ਤਾਜ ਪ੍ਰਤੀ ਵਫਾਦਰੀ ਦੀ ਸਹੁੰ ਚੁੱਕਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਹ ਪ੍ਰਥਾ ਪੁਰਾਤਨ ਤੇ ਅਪਮਾਨਜਨਕ ਹੈ। 1867 ਦੇ ਸੰਵਿਧਾਨਕ ਐਕਟ ਦੀ ਉਲੰਘਣਾ ਕਰਦਿਆਂ ਉਨ੍ਹਾਂ ਨੇ ਨੈਸ਼ਨਲ ਅਸੰਬਲੀ ਵਿਚ ਬੈਠਣ ਲਈ ਲੋੜੀਂਦੀਆਂ ਦੋ ਸਹੁੰਆਂ ਵਿਚੋਂ ਸਿਰਫ ਇਕ ਕਿਊਬਕ ਦੇ ਲੋਕਾਂ ਪ੍ਰਤੀ ਚੁੱਕੀ। ਅਜਿਹਾ ਕਰਕੇ ਉਹ ਨੈਸ਼ਨਲ ਅਸੰਬਲੀ ਦੇ ਮੈਂਬਰ ਵਜੋਂ ਆਪਣੀ ਸਥਿਤੀ ਨੂੰ ਅਧਿਕਾਰਤ ਕਰਨ ਲਈ ਰਜਿਸਟਰ ’ਤੇ ਦਸਤਖ਼ਤ ਨਹੀਂ ਕਰ ਸਕਦੇ। ਦਖਲ ਦੇਣ ਲਈ ਸਥਿਤੀ ਨੂੰ ਗੰਭੀਰ ਦੱਸਦਿਆਂ ਪੈਰਾਡਿਸ ਨੇ ਕਿਹਾ ਕਿ ਕਿਊਐਸ ਤੇ ਪੀਕਿਊ ਮੈਂਬਰਾਂ ਨੂੰ ਕੱਢੇ ਜਾਣ ਦਾ ਖ਼ਤਰਾ ਹੈ। ਉਨ੍ਹਾਂ ਨੇ ਸਾਰਜੈਂਟ-ਐਟ-ਆਰਮਜ਼ ਨੂੰ ਇਹ ਯਕੀਨੀ ਬਣਾਉਣ ਲਈ ਰਸਮੀ ਹੁਕਮ ਦੇ ਦਿੱਤਾ ਹੈ ਕਿ ਇਹ ਫ਼ੈਸਲਾ ਉਨ੍ਹਾਂ ਮੈਂਬਰਾਂ ’ਤੇ ਲਾਗੂ ਕੀਤਾ ਜਾਵੇ ਜਿਨ੍ਹਾਂ ਨੇ ਸਹੁੰ ਨਹੀਂ ਚੁੱਕੀ। ਉਹ ਮੈਂਬਰ ਨੈਸ਼ਨਲ ਅਸੰਬਲੀ ਦੇ ਚੈਂਬਰ ਵਿਚ ਜਾਂ ਇਸ ਦੇ ਕਿਸੇ ਕਮਿਸ਼ਨ ਵਿਚ ਨਹੀਂ ਬੈਠ ਸਕਦੇ। ਜੇਕਰ ਕੋਈ ਵਿਅਕਤੀ ਇਸ ਮਨਾਹੀ ਦੀ ਪਾਲਣਾ ਕਰਨ ਤੋਂ ਇਨਕਾਰ ਕਰਦਾ ਹੈ ਤਾਂ ਸਾਰਜੈਂਟ-ਐਟ-ਆਰਮਜ਼ ਵਲੋਂ ਉਨ੍ਹਾਂ ਨੂੰ ਬਾਹਰ ਕੱਢਣਾ ਜਾਇਜ਼ ਹੋਵੇਗਾ। ਉਨ੍ਹਾਂ ਕਿਹਾ ਕਿ ਜਿਨ੍ਹਾਂ ਮੈਂਬਰਾਂ ਨੇ ਸਹੁੰ ਚੁੱਕਣ ਤੋਂ ਇਨਕਾਰ ਕੀਤਾ ਹੈ ਉਨ੍ਹਾਂ ਦੇ ਮਨ ਕਿਸੇ ਵੀ ਸਮੇਂ ਬਦਲ ਸਕਦੇ ਹਨ।

BADH Accounting Services
32 Years Experience in Accounting
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping
Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592
Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:
amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
Residential
Construction
Commercial
New Immigrants
Self Employed
Private Mortgages
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਲੰਡਨ 'ਚ ਅਮਰੀਕੀ ਰਾਸ਼ਟਰਪਤੀ ਬਾਈਡਨ ਮੁਫਤ ਵਿਚ ਰਹੇ ਪਰ ਕੈਨੇਡੀਅਨ ਪ੍ਰਧਾਨ ਮੰਤਰੀ ਟਰੂਡੋ ਨੇ ਖਰਚ ਕਰ ਦਿੱਤੇ ਚਾਰ ਲੱਖ ਡਾਲਰ

ਓਟਵਾ-ਇੰਗਲੈਂਡ ਦੀ ਮਹਾਰਾਣੀ ਦੇ ਅੰਤਿਮ ਸੰਸਕਾਰ ਸਮੇਂ ਅਮਰੀਕਾ ਦੇ ਰਾਸ਼ਟਰਪਤੀ ਜੋਏ ਬਿਡੇਨ ਲੰਡਨ ਵਿਚ ਮੁਫਤ ਵਿਚ ਰਹੇ ਪਰ ਟਰੂਡੋ ਸਰਕਾਰ ਨੇ ਹੋਟਲਾਂ ਦੇ ਕਮਰਿਆਂ ਦੇ ਕਿਰਾਏ ਤੇ ਚਾਰ ਲੱਖ ਡਾਲਰ ਖਰਚ ਕਰ ਦਿੱਤੇ। ਹੁਣ ਇਕ ਖ਼ਾਸ ਗੱਲ 'ਤੇ ਚਰਚਾ ਹੋ ਰਹੀ ਹੈ ਕਿ ਡੈਲੀਗੇਸ਼ਨ ਵਿਚ ਉਹ ਕਿਹੜਾ ਵਿਅਕਤੀ ਸਨ ਜਿਹੜੇ ਅਲਟਰਾ ਲਗਜ਼ਰੀ 6000 ਡਾਲਰ ਪ੍ਰਤੀ ਰਾਤ ਕਿਰਾਏ ਵਾਲੇ ਹੋਟਲ ਸੂਟ ਵਿਚ ਰਹੇ ਸੀ। 281000 ਪੌਂਡ ਬਿੱਲ (356981 ਡਾਲਰ) ਦਾ ਖੁਲਾਸਾ ਪਿਛਲੇ ਹਫਤੇ ਕਾਲਮਨਵੀਸ ਬਰਾਇਨ ਲਿਲੀ ਨੇ ਕੀਤਾ ਜਿਸ ਨੇ ਅੰਕੜੇ ਅਕਸੈਸ ਟੂ ਇਨਫਰਮੇਸ਼ਨ ਰਾਹੀਂ ਹਾਸਲ ਕੀਤੇ ਸਨ। ਬਿੱਲ ਦਾ ਵੱਡਾ ਹਿਸਾ ਇਕ ਸਿੰਗਲ ਹੋਟਲ ਕੋਰਿੰਥੀਆ ਲੰਡਨ ਨੂੰ ਅਦਾ ਕੀਤਾ ਗਿਆ ਸੀ। ਇਹ ਹੋਟਲ ਗ੍ਰੇਟ ਬ੍ਰਿਟੇਨ ਵਿਚ ਚੋਟੀ ਦੇ ਲਗਜ਼ਰੀ ਹੋਟਲਾਂ ਵਿਚ ਸ਼ਾਮਿਲ ਹੈ। 8 ਸਤੰਬਰ ਨੂੰ ਮਹਾਰਾਣੀ ਦੀ ਮੌਤ ਤੋਂ ਸਿਰਫ ਤਿੰਨ ਦਿਨ ਪਿੱਛੋਂ ਕੈਨੇਡਾ ਸਰਕਾਰ ਨੇ ਹੋਟਲ ਵਿਚ ਕਮਰੇ ਬੁੱਕ ਕਰਵਾਉਣ ਸ਼ੁਰ ਕਰ ਦਿੱਤੇ ਸਨ। 21 ਸਤੰਬਰ ਨੂੰ ਅੰਤਿਮ ਸੰਸਕਾਰ



ਦੇ ਮੌਕੇ ਤਕ ਓਟਵਾ ਨੇ ਸ਼ਾਇਦ ਹੋਟਲ ਦੇ 283 ਸੂਟਸ ਵਿਚੋਂ 31 ਕਿਰਾਏ 'ਤੇ ਲਏ ਹੋਏ ਸਨ ਅਤੇ ਹਰੇਕ ਦਾ ਕਿਰਾਇਆ 2000 ਡਾਲਰ ਪ੍ਰਤੀ ਰਾਤ ਸੀ ਪਰ ਬਿੱਲ ਵਿਚ ਰਿਵਰ ਸੂਟ ਵਿਚ ਪੰਜ ਦਿਨਾਂ ਦੇ ਠਹਿਰਨ ਦਾ ਵੱਡਾ ਬਿੱਲ ਸੀ। ਰਿਵਰ ਸੂਟ 900 ਵਰਗ ਫੁੱਟ ਦਾ ਮੁਕੰਮਲ ਕੰਪਲੀਮੈਂਟਰੀ ਬਟਲਰ ਸੇਵਾ ਨਾਲ ਲੈਸ ਹੈ ਅਤੇ ਉਸ ਦਾ ਬਾਥਰੂਮ ਮਾਰਬਲ ਦਾ ਬਣਿਆਂ ਹੋਇਆ ਹੈ। ਇਸ ਸਬੰਧੀ ਹਾਊਸ ਆਫ ਕਾਮਨਜ਼ ਵਿਚ ਕੰਸਰਵੇਟਿਵ ਨੇਤਾ ਪਿਅਰੇ ਪੋਲੀਵਰੇ ਨੇ ਸਵਾਲ ਉਠਾਉਂਦੇ ਹੋਏ ਕਿਹਾ ਕਿ 6000 ਡਾਲਰ ਰਾਤ ਦੇ ਕਿਰਾਏ ਵਾਲੇ ਹੋਟਲ ਵਿਚ ਕੌਣ ਠਹਿਰਿਆ ਸੀ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਜਵਾਬ ਵਿਚ ਕਿਹਾ ਕਿ ਕੇਵਲ ਕੈਨੇਡਾ ਹੀ ਵੱਡੇ ਡੈਲੀਗੇਸ਼ਨ ਨਾਲ ਅੰਤਿਮ ਸੰਸਕਾਰ ਵਿਚ ਪੁੱਜਾ ਸੀ। ਜਿਵੇਂ ਕਿ ਕੈਨੇਡੀਅਨਾਂ ਨੂੰ ਪਤਾ ਹੈ ਕਿ ਵੱਡੇ ਵਫਦ ਵਿਚ ਸਾਬਕਾ ਪ੍ਰਧਾਨ ਮੰਤਰੀ ਤੇ ਸਾਬਕਾ ਗਵਰਨਰ ਜਨਰਲ ਸਨ, ਅਸੀਂ ਉਸੇ ਹੋਟਲ ਵਿਚ ਠਹਿਰੇ ਸੀ। ਉਨ੍ਹਾਂ ਕਿਹਾ ਕਿ ਅੰਤਿਮ ਸੰਸਕਾਰ ਲਈ ਵੱਡੀ ਮੌਜੂਦਗੀ ਦੀ ਆਸ ਕੈਨੇਡਾ ਤੋਂ ਕੀਤੀ ਗਈ ਸੀ।

## ਸਾਬਕਾ ਫੁੱਟਬਾਲ ਕੋਚ ਨੂੰ ਜਿਣਸੀ ਹਮਲਿਆਂ ਲਈ 16 ਮਹੀਨੇ ਕੈਦ ਦੀ ਸਜ਼ਾ

ਵਿਕਟੋਰੀਆ-ਅਮੇਚਿਉਰ ਕੋਚ ਅਤੇ ਬਾਅਦ ਵਿਚ ਵਾਈਟਕੈਪਸ ਔਰਤਾਂ ਦੀ ਟੀਮ ਅਤੇ ਕੈਨੇਡਾ ਦੀ ਅੰਡਰ-20 ਨੈਸ਼ਨਲ ਟੀਮ ਦੇ ਮੁੱਖ ਕੋਚ ਵਜੋਂ ਚਾਰ ਕਿਸ਼ੋਰ ਔਰਤ ਫੁੱਟਬਾਲ ਖਿਡਾਰੀਆਂ 'ਤੇ ਜਿਣਸੀ ਹਮਲੇ ਕਰਨ ਬਦਲੇ ਬੌਬ ਬਿਰਦਾ ਨੂੰ 16 ਮਹੀਨੇ ਲਈ ਜੇਲ੍ਹ ਜਾਣਾ ਪੈ ਰਿਹਾ ਹੈ ਅਤੇ ਇਸ ਪਿੱਛੋਂ ਅੱਠ ਮਹੀਨਿਆਂ ਲਈ ਉਸ ਦੀ ਘਰ ਵਿਚ ਨਜ਼ਰਬੰਦੀ ਹੋਵੇਗੀ। ਇਹ ਸਜ਼ਾ ਉਸ ਦੇ ਵਕੀਲ ਵਲੋਂ ਪ੍ਰਸਤਾਵਤ ਕੀਤੀ ਸਜ਼ਾ ਤੋਂ ਦੁੱਗਣੀ ਹੈ। ਫਰਵਰੀ ਵਿਚ 55 ਸਾਲਾ ਬਿਰਦਾ ਨੇ 1988 ਅਤੇ 1990 ਵਿਚਕਾਰ ਜਿਣਸੀ ਹਮਲੇ ਕਰਨ ਅਤੇ 2006 ਤੇ 2008 ਵਿਚਕਾਰ ਇਕ ਨੌਜਵਾਨ ਵਿਅਕਤੀ ਨੂੰ ਜਿਣਸੀ ਉਦੇਸ਼ਾਂ ਨਾਲ ਛੂਹਣ ਲਈ ਆਪਣਾ ਕਸੂਰ ਸਵੀਕਾਰ ਕਰ ਲਿਆ ਸੀ। ਉਸ ਨੇ ਸਤੰਬਰ ਵਿਚ ਦੋ ਦਿਨਾਂ ਸਜ਼ਾ ਸੁਣਵਾਈ ਦੌਰਾਨ ਆਪਣੇ ਪੀੜਤਾਂ ਤੋਂ ਮੁਆਫੀ ਮੰਗੀ ਅਤੇ ਮੁਆਫ ਕਰ ਦੇਣ ਲਈ ਭੀਖ ਮੰਗੀ। ਜਿਨ੍ਹਾਂ ਕਿਸ਼ੋਰਾਂ ਨੂੰ ਉਸ ਨੇ ਆਪਣਾ ਸ਼ਿਕਾਰ ਬਣਾਇਆ ਉਹ ਹੁਣ ਸਾਰੀਆਂ ਔਰਤਾਂ ਹਨ। ਇਕ ਪੀੜਤ ਨੇ ਤਾਂ ਉਸ ਤੋਂ ਬਚਣ ਲਈ ਫੁੱਟਬਾਲ ਖੇਡਣਾ ਹੀ ਛੱਡ ਦਿੱਤਾ ਸੀ। ਇਕ ਹੋਰ ਨੇ ਕਿਹਾ ਕਿ ਬਿਰਦਾ ਨੇ ਉਸ ਦਾ ਕੈਨੇਡਾ ਲਈ ਮੁਕਾਬਲਾ ਕਰਨ ਦਾ ਸੁਪਨਾ ਚੋਰੀ ਕਰ ਲਿਆ।

## ਹੈਲੋਵੀਨ ਮੌਕੇ ਹੁਲੜਬਾਜ਼ੀ ਵਿਚ ਕਈ ਜ਼ਖ਼ਮੀ-ਜਾਇਦਾਦ ਨੂੰ ਨੁਕਸਾਨ ਪਹੁੰਚਾਇਆ

ਡੈਲਟਾ-ਇਸ ਸਾਲ ਡੈਲਟਾ ਵਿਚ ਹੈਲੋਵੀਨ ਦੇ ਤਿਉਹਾਰ ਮੌਕੇ ਹੁਲੜਬਾਜ਼ੀ ਹੋਈ ਜਿਸ ਵਿਚ ਕਈ ਆਮ ਨਾਗਰਿਕ ਤੇ ਪੁਲਿਸ ਮੁਲਾਜ਼ਮ ਜ਼ਖ਼ਮੀ ਹੋ ਗਏ। ਰੌਲਾ ਰੱਪਾ ਪਾਉਣ ਤੇ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੀਆਂ ਖ਼ਬਰਾਂ ਮਿਲੀਆਂ ਹਨ। ਡੈਲਟਾ ਪੁਲਿਸ ਮੁਤਾਬਿਕ ਤਸਵਾਸੀਨ ਵਿਚ ਸਾਊਥ ਡੈਲਟਾ ਸੈਕੰਡਰੀ ਸਕੂਲ ਤੇ ਡੇਨੀਸਨ ਪਾਰਕ ਇਲਾਕੇ ਵਿਚ 400 ਦੇ ਕਰੀਬ ਨੌਜਵਾਨ ਇਕੱਤਰ ਹੋਏ ਸਨ। ਪੁਲਿਸ ਮੁਤਾਬਿਕ ਇਸ ਤਰ੍ਹਾਂ ਦੀ ਭੀੜ ਸਮੇਂ ਵਿਅਕਤੀਗਤ ਜ਼ਿੰਮੇਵਾਰੀ ਦਾ ਪੱਧਰ ਖਤਮ ਹੋ ਜਾਂਦਾ ਹੈ। ਪੁਲਿਸ ਮੁਤਾਬਿਕ ਭੀੜ ਨੇ ਜਾਣਬੁੱਝ ਕੇ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਅਤੇ ਜਨਤਕ ਸੁਰੱਖਿਆ 'ਤੇ ਅਸਰ ਪਾਇਆ। ਚਾਰ ਘੰਟਿਆਂ ਤੋਂ ਵੀ ਜ਼ਿਆਦਾ ਸਮਾਂ ਲਗਾਤਾਰ ਹੁਲੜਬਾਜ਼ੀ ਕਰਨ ਲਈ ਕਾਫੀ ਮਾਤਰਾ ਵਿਚ ਆਤਿਸ਼ਬਾਜ਼ੀ ਲਿਆਂਦੀ ਗਈ ਸੀ। ਪਿਛਲੇ ਸਾਲਾਂ ਵਿਚ ਸਾਡੇ ਅਫਸਰਾਂ ਨੇ ਦੇਖਿਆ ਕਿ ਛੋਟੇ ਗਰੁੱਪਾਂ ਵਿਚ ਹੈਲੋਵੀਨ ਜਸ਼ਨ ਮਨਾਏ ਜਾਂਦੇ ਹਨ ਅਤੇ ਬਹੁਤ ਥੋੜੀ ਗਿਣਤੀ ਵਿਚ ਆਤਸ਼ਬਾਜ਼ੀ ਕੀਤੀ ਜਾਂਦੀ ਰਹੀ ਹੈ। ਬੀਤੀ ਰਾਤ ਪੁਲਿਸ ਅਫਸਰਾਂ ਨੇ ਦੇਖਿਆ ਕਿ ਨੁਕਸਾਨ ਪਹੁੰਚਾਉਣ ਤੇ ਵਿਘਨ ਪਾਉਣ ਦੀਆਂ ਜਾਣਬੁੱਝ ਕੇ ਜਥੇਬੰਦਕ ਕੋਸ਼ਿਸ਼ਾਂ ਕੀਤੀਆਂ ਗਈਆਂ। ਬੱਚਿਆਂ ਤੇ ਰਾਹਗੀਰਾਂ 'ਤੇ ਜਾਣਬੁੱਝ ਕੇ ਪਟਾਕੇ ਸੁੱਟੇ ਗਏ। ਇਕੱਠ ਦੌਰਾਨ ਕਈ ਨੌਜਵਾਨਾਂ ਨੂੰ ਸੱਟਾਂ ਲੱਗੀਆਂ ਅਤੇ ਇਕ ਲੜਕੀ ਦਾ ਤਾਂ ਬਾਂਹ ਦਾ ਉਪਰਲਾ ਹਿਸਾ ਤੇ ਮੋਢਾ ਅੱਗ ਨਾਲ ਸੜ ਗਿਆ। ਦੋ ਪੁਲਿਸ ਮੁਲਾਜ਼ਮ ਵੀ ਜ਼ਖ਼ਮੀ ਹੋਏ।

## ਨਵੇਂ ਜਲ ਸੈਨਾ ਜੰਗੀ ਬੇੜਿਆਂ ਲਈ ਕਰਦਾਤਾਵਾਂ ਨੂੰ ਚੁਕਾਉਣੇ ਪੈਣਗੇ 300 ਅਰਬ ਡਾਲਰ

ਓਟਵਾ-ਪਾਰਲੀਮੈਂਟਰੀ ਬਜਟ ਅਫਸਰ ਯਵੇਸ ਗਿਰੌਕਸ ਨੇ ਰਾਇਲ ਕੈਨੇਡੀਅਨ ਜਲ ਸੈਨਾ ਦੇ ਸਮੱਸਿਆ ਗ੍ਰਸਤ ਪ੍ਰਾਜੈਕਟ ਲਈ ਨਵੇਂ ਜੰਗੀ ਬੇੜੇ ਖਰੀਦਣ ਨਾਲ ਸਬੰਧਤ ਹੋਰ ਟਾਰਪੀਡੋਜ਼ ਬਾਰੇ ਜਾਣਕਾਰੀ ਦਿੱਤੀ। ਗਿਰੌਕਸ ਨੇ ਚਿਤਾਵਨੀ ਦਿੱਤੀ ਕਿ ਕਰਦਾਤਾ ਹੁਣ 15 ਜੰਗੀ ਬੇੜਿਆਂ ਲਈ 300 ਅਰਬ ਡਾਲਰ ਤੋਂ ਵੀ ਜ਼ਿਆਦਾ ਕੀਮਤ ਦਾ ਸਾਹਮਣਾ ਕਰ ਰਹੇ ਹਨ, ਇਸ ਵਿਚ ਕੈਨੇਡੀਅਨ ਸਰਫੇਸ ਕੰਬੈਟੈਂਟਸ ਦੀ ਉਸਾਰੀ ਲਾਗਤ ਅਤੇ ਉਨ੍ਹਾਂ ਦੇ ਜੀਵਨ ਦੌਰਾਨ ਜਹਾਜ਼ਾਂ ਨੂੰ ਚਲਾਉਣ, ਰੱਖ-ਰਖਾਅ ਤੇ ਅਪਗ੍ਰੇਡ ਦੀ ਗੱਲ ਸ਼ਾਮਿਲ ਹੈ। ਅਗਲੇ 65 ਸਾਲਾਂ ਵਿਚ ਜਹਾਜ਼ਾਂ ਚਲਾਉਣ ਤੇ ਰੱਖ-ਰਖਾਅ 'ਤੇ




219 ਅਰਬ ਡਾਲਰ ਦਾ ਖਰਚ ਆਵੇਗਾ। ਗਿਰੌਕਸ ਦੇ ਅੰਕੜੇ ਕਾਫੀ ਉੱਚੇ ਹਨ। 15 ਜਹਾਜ਼ਾਂ ਦੇ ਵਿਕਾਸ ਤੇ ਖਰੀਦ ਜਿਸ ਲਈ ਸਰਕਾਰ ਨੇ 26 ਅਰਬ ਡਾਲਰ ਕੀਮਤ ਨਾਲ ਪ੍ਰਵਾਨਗੀ ਦਿੱਤੀ ਸੀ ਦੀ ਹੁਣ ਲਾਗਤ 84.5 ਬਿਲੀਅਨ ਡਾਲਰ ਹੋਵੇਗੀ ਜਿਸ ਵਿਚ ਵਾਧੂ ਤਕਨਾਲੋਜੀ ਨਾਲ ਜਹਾਜ਼ਾਂ ਨੂੰ ਮਿਡ ਲਾਈਫ ਵਿਚ ਅਪਗ੍ਰੇਡ ਕਰਨਾ ਵੀ ਸ਼ਾਮਿਲ ਹੈ। ਤਾਜ਼ਾ ਅੰਕੜਾ ਕਰਦਾਤਾਵਾਂ ਲਈ ਇਕ ਵੱਡੀ ਛਾਲ ਹੈ। 2013 ਵਿਚ ਆਡੀਟਰ ਜਨਰਲ ਦੇ ਦਫ਼ਤਰ ਨੇ ਦੱਸਿਆ ਸੀ ਕਿ 30 ਸਾਲਾਂ ਵਿਚ ਇਸ 'ਤੇ 64 ਅਰਬ ਡਾਲਰ ਖਰਚ ਆਵੇਗਾ। ਗਿਰੌਕਸ ਨੇ ਕਿਹਾ ਕਿ ਜਦੋਂ ਵੀ ਅਸੀਂ ਇਸ ਪ੍ਰਾਜੈਕਟ 'ਤੇ ਨਜ਼ਰ ਮਾਰਦੇ ਹਾਂ ਤਾਂ ਲਾਗਤ ਵਧ ਜਾਂਦੀ ਹੈ।

## ਐਨਡੀਪੀ ਵਲੋਂ ਟੋਰੀਜ਼ ਨੂੰ ਨਰਸਾਂ ਲਈ ਅੰਗਰੇਜ਼ੀ ਦੀ ਸ਼ਰਤ ਛੱਡਣ ਦਾ ਸੱਦਾ

ਵਿਨੀਪੈਗ-ਮਨੀਟੋਬਾ ਐਨਡੀਪੀ ਨੇ ਕਿਹਾ ਕਿ ਹਾਲ ਹੀ ਵਿਚ ਕੁਝ ਨਰਸਿੰਗ ਗ੍ਰੇਡਸ ਨੂੰ ਬੇਲੋੜੀ ਅੰਗਰੇਜ਼ੀ ਭਾਸ਼ਾ ਦੀ ਸ਼ਰਤ ਕਾਰਨ ਸੂਬੇ ਤੋਂ ਬਾਹਰ ਰੋਜ਼ਗਾਰ ਦੀ ਭਾਲ ਕਰਨ ਲਈ ਮਜ਼ਬੂਰ ਕੀਤਾ ਗਿਆ ਹੈ। ਐਨਡੀਪੀ ਦੇ ਹੈਲਥ ਕੇਅਰ ਕ੍ਰਿਟਿਕ ਉਜ਼ੋਮਾ ਅਸਗਵਾਰਾ ਨੇ ਇਕ ਰਿਲੀਜ਼ ਵਿਚ ਦੱਸਿਆ ਕਿ ਸਾਨੂੰ ਪਤਾ ਹੈ ਕਿ ਨਰਸਾਂ ਕਿਸੇ ਵੀ ਹੱਲ ਦਾ ਇਕ ਅਨਿੱਖੜਵਾਂ ਹਿਸਾ ਹਨ ਪਰ ਪੀਸੀਐਸ ਬੇਲੋੜੀ ਅੰਗਰੇਜ਼ੀ ਭਾਸ਼ਾਂ ਦੀ ਸ਼ਰਤ ਨੂੰ ਖਤਮ ਕਰਨ ਤੋਂ ਇਨਕਾਰ ਕਰਕੇ ਨਰਸਾਂ ਨੂੰ ਕਾਮਿਆਂ ਤੋਂ ਬਾਹਰ ਕਰ ਰਿਹਾ ਹੈ। ਇਹ ਸ਼ਰਤ ਸਾਰੇ ਨਰਸਿੰਗ ਵਿਦਿਆਰਥੀਆਂ ਪਰ ਵਿਸ਼ੇਸ਼ ਰੂਪ ਵਿਚ ਨੌਰਦਰਨ ਮੂਲਵਾਸੀ ਕਮਿਊਨਟੀਜ਼ ਦੇ ਵਿਦਿਆਰਥੀਆਂ ਲਈ ਵੱਡੀ ਰੁਕਾਵਟ ਹੈ। ਅਸੀਂ ਇਸ ਰੁਕਾਵਟ ਨੂੰ ਦੂਰ ਕਰਨ ਦਾ ਸੱਦਾ ਦਿੰਦੇ ਹਾਂ ਅਤੇ ਇਨ੍ਹਾਂ ਨਰਸਾਂ ਨੂੰ ਫਰੰਟਲਾਈਨ 'ਤੇ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਮੌਜੂਦਾ ਸਮੇਂ ਮਨੀਟੋਬਾ ਵਿਚ ਨਰਸਿੰਗ ਵਿਦਿਆਰਥੀਆਂ ਜਿਹੜੇ ਅੰਗਰੇਜ਼ੀ ਵਿਚ ਪੜ੍ਹਾਈ ਪਿੱਛੋਂ ਰਜਿਸਟਰੇਸ਼ਨ ਵਿਚ ਦੇਰੀ ਦਾ ਸਾਹਮਣਾ ਕਰ ਰਹੇ ਹਨ ਉਨ੍ਹਾਂ ਲਈ ਅੰਗਰੇਜ਼ੀ ਭਾਸ਼ਾ ਦਾ ਮੁਹਾਰਤ ਟੈਸਟ ਪਾਸ ਕਰਨ ਦੀ ਸ਼ਰਤ ਹੁੰਦੀ ਹੈ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਫੈਡਰਲ ਸਰਕਾਰ ਵਲੋਂ 2025 ਤੱਕ ਪ੍ਰਤੀ ਸਾਲ ਪੰਜ ਲੱਖ ਪ੍ਰਵਾਸੀਆਂ ਦਾ ਸਵਾਗਤ ਕਰਨ ਦੀ ਯੋਜਨਾ

ਓਟਵਾ-ਫੈਡਰਲ ਸਰਕਾਰ ਕੈਨੇਡਾ ਵਿਚ ਆਉਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿਚ ਚੋਖਾ ਵਾਧਾ ਕਰਨ ਦੀ ਯੋਜਨਾ ਬਣਾ ਰਹੀ ਹੈ ਅਤੇ ਇਸ ਦਾ 2025 ਤਕ ਹਰੇਕ ਸਾਲ ਪੰਜ ਲੱਖ ਪ੍ਰਵਾਸੀਆਂ ਦਾ ਸਵਾਗਤ ਕਰਨ ਦਾ ਟੀਚਾ ਹੈ। ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਨੇ ਨਵੇਂ ਟੀਚਿਆਂ ਦਾ ਖੁਲਾਸਾ ਕਰਦਿਆਂ ਦੱਸਿਆ ਕਿ ਇਹ ਕਦਮ ਕੈਨੇਡਾ ਦੀ ਆਰਥਿਕ ਖੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਹੈ। ਕੈਨੇਡੀਅਨ ਉਦਯੋਗ ਲੇਬਰ ਦੀ ਭਾਰੀ ਘਾਟ ਦਾ ਸਾਹਮਣਾ ਕਰ ਰਹੇ ਹਨ ਅਤੇ ਦੇਸ਼ ਭਰ ਵਿਚ ਨੌਕਰੀਆਂ ਦੀਆਂ ਲਗਪਗ 10 ਲੱਖ ਅਸਾਮੀਆਂ ਖਾਲੀ ਹਨ। ਨਵੀਂ ਯੋਜਨਾ ਉਨ੍ਹਾਂ ਪ੍ਰਵਾਸੀਆਂ ਦੀ ਗਿਣਤੀ ਵਧਾਉਣ 'ਤੇ ਜ਼ੋਰ ਦਿੰਦੀ ਹੈ ਜਿਨ੍ਹਾਂ ਨੂੰ ਅਗਲੇ ਤਿੰਨ ਸਾਲਾਂ ਦੌਰਾਨ ਉਨ੍ਹਾਂ ਦੇ ਹੁਨਰ ਜਾਂ ਤਜਰਬੇ ਦੇ ਆਧਾਰ 'ਤੇ ਕੈਨੇਡਾ ਵਿਚ ਦਾਖਲਾ ਦਿੱਤਾ ਜਾਵੇਗਾ। ਫੈਡਰਲ ਸਰਕਾਰ ਪਰਿਵਾਰਕ ਮੈਂਬਰਾਂ ਜਿਹੜੇ ਕੈਨੇਡਾ ਵਿਚ ਦਾਖਲ ਹੋਣਗੇ ਦੀ ਗਿਣਤੀ ਵਿਚ ਹੋਰ ਦਰਮਿਆਨੇ ਵਾਧੇ ਦੀ ਯੋਜਨਾ ਬਣਾ ਰਹੀ ਹੈ ਅਤੇ ਸ਼ਰਨਾਰਥੀਆਂ ਦੀ ਗਿਣਤੀ ਘਟਾਈ ਜਾਵੇਗੀ। ਫਰੇਜ਼ਰ ਨੇ ਉਨ੍ਹਾਂ ਦੀ ਇਸ ਗੱਲ ਨੂੰ ਲੈ ਕੇ ਹੋ ਰਹੀ ਆਲੋਚਨਾ ਨੂੰ ਘੱਟ ਕਰਨ ਦੀ ਕੋਸ਼ਿਸ਼ ਕੀਤੀ ਕਿ ਕੈਨੇਡਾ ਸੀਰੀਅਨਾਂ, ਯੂਕਰੇਨੀਆਂ ਤੇ ਅਫਗਾਨੀਆਂ ਸਮੇਤ ਪਿਛਲੇ ਸਾਲਾਂ ਵਿਚ ਸ਼ਰਨਾਰਥੀਆਂ ਦੇ ਮੁੜ ਵਸੇਬੇ ਵਿਚ ਵਿਸ਼ਵ ਨੇਤਾ ਰਿਹਾ ਹੈ। ਉਨ੍ਹਾਂ ਇਹ ਵੀ ਵਾਅਦਾ ਕੀਤਾ ਕਿ ਸਰਕਾਰ ਕੈਨੇਡਾ ਆਉਣਾ ਚਾਹੁੰਦੇ ਸੰਭਾਵਤ ਪ੍ਰਵਾਸੀਆਂ ਦੀਆਂ ਬੇਮਿਸਾਲ ਅਰਜ਼ੀਆਂ ਦੀ ਆਮਦ ਨੂੰ ਸੰਭਾਲਣ ਲਈ ਤਿਆਰ ਹੈ ਅਤੇ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਸੈਂਕੜੇ ਨਵਾਂ ਸਟਾਫ ਰੱਖਿਆ ਗਿਆ ਤੇ ਤਬਦੀਲੀਆਂ ਕੀਤੀਆਂ ਗਈਆਂ ਹਨ। ਪ੍ਰਵਾਸੀਆਂ ਤੇ ਸੰਭਾਵਤ ਪਰਮਾਨੈਂਟ ਰੈਜ਼ੀਡੈਂਟਸ ਦੀਆਂ ਅਰਜ਼ੀਆਂ ਦਾ ਬੈਕਲਾਗ ਹੋਣ ਕਾਰਨ ਇਮੀਗ੍ਰੇਸ਼ਨ, ਰਿਫਊਜੀ ਐਂਡ ਸਿਟੀਜ਼ਨਸ਼ਿਪ ਕੈਨੇਡਾ ਦੀ ਆਲੋਚਨਾ ਹੁੰਦੀ ਰਹੀ ਹੈ। ਕੈਨੇਡਾ ਵਿਚ 23 ਫ਼ੀਸਦੀ ਲੋਕ ਬਾਹਰੋ ਆਏ ਪ੍ਰਵਾਸੀ ਜਾਂ ਪਰਮਾਨੈਂਟ ਰੈਜ਼ੀਡੈਂਟਸ ਹਨ ਅਤੇ ਇਹ ਗਿਣਤੀ ਹੁਣ ਤਕ ਦੀ ਸਭ ਤੋਂ ਵੱਧ ਤੇ ਜੀ7 ਰਾਸ਼ਟਰਾਂ ਵਿਚ ਸਭ ਤੋਂ ਉੱਪਰ ਹੈ। ਸਟੈਟਿਕਸ ਕੈਨੇਡਾ ਦਾ ਅਨੁਮਾਨ ਹੈ ਕਿ 2041 ਤਕ ਕੈਨੇਡਾ ਵਿਚ 34 ਫ਼ੀਸਦੀ ਲੋਕ ਪ੍ਰਵਾਸੀ ਹੋਣਗੇ।








# ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ 9 ਨੂੰ

ਸਫ਼ਾ 1 ਦੀ ਬਾਕੀ

## ਬੀਬੀ ਜਗੀਰ ਕੌਰ ਪਾਰਟੀ 'ਚੋਂ ਮੁਅੱਤਲ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ ਸੀਨੀਅਰ ਆਗੂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਪਾਰਟੀ ਵਿੱਚੋਂ ਮੁਅੱਤਲ ਕਰ ਦਿੱਤਾ ਹੈ। ਉਨ੍ਹਾਂ 'ਤੇ ਪਾਰਟੀ ਵਿਰੋਧੀ ਗਤੀਵਿਧੀਆਂ ਕਰਨ ਦਾ ਦੋਸ਼ ਲਾਉਂਦਿਆਂ ਦੋ ਦਿਨ ਵਿੱਚ ਜਵਾਬ ਮੰਗਿਆ ਗਿਆ ਹੈ। ਇਹ ਫ਼ੈਸਲਾ ਸ਼੍ਰੋਮਣੀ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਦੀ ਮੀਟਿੰਗ ਵਿੱਚ ਲਿਆ ਗਿਆ। ਮੀਟਿੰਗ ਦੌਰਾਨ ਸੀਨੀਅਰ ਅਕਾਲੀ ਆਗੂਆਂ ਨੇ ਕਿਹਾ ਕਿ ਜੇਕਰ ਬੀਬੀ ਜਗੀਰ ਕੌਰ ਖ਼ਿਲਾਫ਼ ਸਖ਼ਤ ਕਾਰਵਾਈ ਨਾ ਕੀਤੀ ਗਈ ਤਾਂ ਪਾਰਟੀ ਅੰਦਰ ਬਾਗੀਆਂ ਦਾ ਕਾਫ਼ਲਾ ਲੰਮਾ ਹੋ ਸਕਦਾ ਹੈ। ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਦੀ ਪਾਰਟੀ ਵਿੱਚੋਂ ਮੁਅੱਤਲੀ ਦਾ ਐਲਾਨ ਕਰਦਿਆਂ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਬੀਬੀ ਜਗੀਰ ਕੌਰ ਲਈ ਇਹ ਲਾਜ਼ਮੀ ਹੋਵੇਗਾ ਕਿ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਅਹੁਦੇਦਾਰਾਂ ਦੀ 9 ਨਵੰਬਰ ਨੂੰ ਹੋਣ ਵਾਲੀ ਚੋਣ ਦੌਰਾਨ ਮੈਦਾਨ ਵਿੱਚੋਂ ਹਟ ਜਾਣ, ਨਹੀਂ ਤਾਂ ਪਾਰਟੀ ਸਖ਼ਤ ਕਾਰਵਾਈ ਕਰੇਗੀ। ਦੋ ਦਿਨ ਦੇ ਅਲਟੀਮੇਟਮ ਮਗਰੋਂ ਉਨ੍ਹਾਂ ਨੂੰ ਪਾਰਟੀ ਵਿੱਚੋਂ ਕੱਢਿਆ ਵੀ ਜਾ ਸਕਦਾ ਹੈ।

## ਬੀਬੀ ਜਗੀਰ ਕੌਰ ਦੀ ਭਾਜਪਾ ਕਰ ਰਹੀ ਹੈ ਮਦਦ-ਲਾਲਪੁਰਾ ਨੇ 35 ਮੈਂਬਰਾਂ ਨੂੰ ਜਗੀਰ ਕੌਰ ਦੇ ਹੱਕ 'ਚ ਭੁਗਤਣ ਲਈ ਕਿਹਾ-ਸੁਖਬੀਰ

ਤਰਨ ਤਾਰਨ -ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਭਾਰਤ ਸਰਕਾਰ ਦੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਵਿੱਚ ਕਮੇਟੀ ਦੇ ਮੈਂਬਰਾਂ ਤੇ ਅਕਾਲੀ ਦਲ ਦੇ ਉਮੀਦਵਾਰਾਂ ਖ਼ਿਲਾਫ਼ ਪ੍ਰਚਾਰ ਕਰ ਰਹੇ ਹਨ। ਸ੍ਰੀ ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ 35 ਮੈਂਬਰਾਂ ਨੇ ਜਾਣਕਾਰੀ ਦਿੱਤੀ ਕਿ ਇਕਬਾਲ ਸਿੰਘ ਲਾਲਪੁਰਾ ਨੇ ਉਨ੍ਹਾਂ ਨੂੰ ਫੋਨ ਕਰ ਕੇ ਬੀਬੀ ਜਗੀਰ ਕੌਰ ਦੇ ਹੱਕ ਵਿੱਚ ਭੁਗਤਣ ਲਈ ਜ਼ੋਰ ਪਾਇਆ। ਸ੍ਰੀ ਬਾਦਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਿਹਾ ਕਿ ਉਹ ਅੱਜ ਇਥੇ ਪੁਰਾਣੇ ਅਕਾਲੀ ਆਗੂਆਂ ਨੂੰ ਫਿਰ ਤੋਂ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਕਰਨ ਲਈ ਸ਼ੁਰੂ ਕੀਤੀ ਮੁਹਿੰਮ ਤਹਿਤ ਮਨਜੀਤ ਸਿੰਘ ਤਰਨ ਤਾਰਨੀ ਨਾਲ ਮੁਲਾਕਾਤ ਕਰਨ ਆਏ ਸਨ। ਉਨ੍ਹਾਂ ਮਨਜੀਤ ਸਿੰਘ ਤਰਨ ਤਾਰਨੀ ਦੇ ਪੁਰਾਣੇ ਗਿਲੇ ਸ਼ਿਕਵੇ ਦੂਰ ਕਰਕੇ ਉਨ੍ਹਾਂ ਨੂੰ ਅਕਾਲੀ ਦਲ ਵਿੱਚ ਸਰਗਰਮ ਹੋਣ ਦੀ ਅਪੀਲ ਕੀਤੀ।




# ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਉਪਰ ਜਾਨਲੇਵਾ ਹਮਲਾ-ਲੱਤ ਚ ਗੋਲੀ ਲੱਗੀ-7 ਜ਼ਖ਼ਮੀ, ਇਕ ਹਲਾਕ

ਇਸਲਾਮਾਬਾਦ-ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ (70) ਅੱਜ ਉਸ ਸਮੇਂ ਜ਼ਖ਼ਮੀ ਹੋ ਗਏ ਜਦੋਂ ਇਕ ਅਣਪਛਾਤੇ ਵਿਅਕਤੀ ਨੇ ਉਨ੍ਹਾਂ ਦੇ ਮਾਰਚ ਦੌਰਾਨ ਵਾਹਨ 'ਤੇ ਗੋਲੀਆਂ ਚਲਾ ਦਿੱਤੀਆਂ। ਇਹ ਘਟਨਾ ਲਹਿੰਦੇ ਪੰਜਾਬ ਦੇ ਵਜ਼ੀਰਾਬਾਦ ਕਸਬੇ ਦੇ ਅੱਲ੍ਹਾਵਾਲਾ ਚੌਕ ਨੇੜੇ ਵਾਪਰੀ ਜਦੋਂ ਉਹ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਵੱਲੋਂ ਕੱਢੇ ਜਾ ਰਹੇ ਮਾਰਚ ਦੀ ਅਗਵਾਈ ਕਰ ਰਹੇ ਸਨ। ਪੁਲੀਸ ਮੁਤਾਬਕ ਹਮਲੇ 'ਚ ਸੱਤ ਵਿਅਕਤੀ ਜ਼ਖ਼ਮੀ ਹੋਏ ਹਨ ਅਤੇ ਇਕ ਵਿਅਕਤੀ ਮਾਰਿਆ ਗਿਆ ਹੈ।



ਜੀਓ ਟੀਵੀ ਦੀ ਫੁਟੇਜ 'ਚ ਦਿਖਾਇਆ ਗਿਆ ਹੈ ਕਿ ਇਮਰਾਨ ਦੀ ਸੱਜੀ ਲੱਤ 'ਚ ਗੋਲੀ ਲੱਗੀ ਹੈ। ਉਨ੍ਹਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਜਿਥੇ ਉਨ੍ਹਾਂ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ। ਹਮਲੇ 'ਚ ਇਮਰਾਨ ਦੇ ਨੇੜਲੇ ਸਾਥੀ ਸੈਨੇਟਰ ਫ਼ੈਸਲ ਜਾਵੇਦ ਦੇ ਜ਼ਖ਼ਮੀ ਹੋਣ ਦੀਆਂ ਵੀ ਰਿਪੋਰਟਾਂ ਹਨ। ਪੁਲੀਸ ਨੇ ਹਮਲਾਵਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਹਮਲੇ ਦੀ ਨਿਖੇਧੀ ਕਰਦਿਆਂ ਜਾਂਚ ਦੇ ਹੁਕਮ ਦਿੱਤੇ ਹਨ। ਸ਼ਰੀਫ਼ ਨੇ ਅੰਦਰੂਨੀ ਮਾਮਲਿਆਂ ਬਾਰੇ ਮੰਤਰੀ ਰਾਣਾ ਸਨਾਉੱਲ੍ਹਾ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਇਮਰਾਨ 'ਤੇ ਹੋਏ ਹਮਲੇ ਦੀ ਫੌਰੀ ਰਿਪੋਰਟ ਦੇਣ। ਪ੍ਰਧਾਨ ਮੰਤਰੀ ਨੇ ਗੋਲੀਬਾਰੀ ਦੀ ਘਟਨਾ ਮਗਰੋਂ ਪ੍ਰੈੱਸ ਕਾਨਫਰੰਸ ਨੂੰ ਮੁਲਤਵੀ ਕਰ ਦਿੱਤਾ ਜਿਸ 'ਚ ਉਨ੍ਹਾਂ ਆਪਣੇ ਚੀਨ ਦੌਰੇ ਬਾਰੇ ਜਾਣਕਾਰੀ ਦੇਣੀ ਸੀ। ਪਾਕਿਸਤਾਨੀ ਫ਼ੌਜ ਨੇ ਵੀ ਇਮਰਾਨ 'ਤੇ ਹੋਏ ਹਮਲੇ ਦੀ ਆਲੋਚਨਾ ਕੀਤੀ ਹੈ। ਰਾਸ਼ਟਰਪਤੀ ਆਰਿਫ਼ ਅਲਵੀ ਨੇ ਹਮਲੇ ਨੂੰ ਘਿਣਾਉਣੀ ਕਾਰਵਾਈ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ, "ਅੱਲ੍ਹਾ ਦਾ ਸ਼ੁਕਰਗੁਜ਼ਾਰ ਹਾਂ ਕਿ ਇਮਰਾਨ ਸੁਰੱਖਿਅਤ ਹੈ। ਇਹ ਹਮਲਾ ਕਾਇਰਾਨਾ ਹਰਕਤ ਹੈ। ਇਮਰਾਨ ਸਮੇਤ ਸਾਰੇ ਜ਼ਖ਼ਮੀਆਂ ਨੂੰ ਅੱਲ੍ਹਾ ਫੌਰੀ ਸਿਹਤਯਾਬ ਕਰੇ" ਵਿਦੇਸ਼ ਮੰਤਰੀ ਅਤੇ ਪਾਕਿਸਤਾਨ ਪੀਪਲਜ਼ ਪਾਰਟੀ ਦੇ ਚੇਅਰਮੈਨ ਬਿਲਾਵਲ ਭੁੱਟੋ ਜ਼ਰਦਾਰੀ ਨੇ ਵੀ ਹਮਲੇ ਦੀ ਤਿੱਖੀ ਨਿਖੇਧੀ ਕੀਤੀ ਹੈ। ਮਨੁੱਖੀ ਹੱਕਾਂ ਬਾਰੇ ਮਾਮਲਿਆਂ ਦੀ ਸਾਬਕਾ ਮੰਤਰੀ ਸ਼ਿਰੀਨ ਮਜ਼ਾਰੀ ਨੇ ਹਮਲੇ ਲਈ ਅੰਦਰੂਨੀ ਮਾਮਲਿਆਂ ਦੇ ਮੰਤਰੀ ਨੂੰ ਦੋਸ਼ੀ ਠਹਿਰਾਉਂਦਿਆਂ ਉਸ ਦੀ ਗ੍ਰਿਫ਼ਤਾਰੀ ਮੰਗੀ ਹੈ।

# ਵੈਨਕੂਵਰ ਵਿਚ ਮਕਾਨਾਂ ਦੀ ਵਿਕਰੀ ਪਿਛਲੇ ਸਾਲ ਨਾਲੋਂ 46 ਫ਼ੀਸਦੀ ਘਟੀ

ਵੈਨਕੂਵਰ-ਰੀਅਲ ਅਸਟੇਟ ਬੋਰਡ ਆਫ ਗ੍ਰੇਟਰ ਵੈਨਕੂਵਰ ਦਾ ਕਹਿਣਾ ਕਿ ਅਕਤੂਬਰ ਵਿਚ ਮਕਾਨਾਂ ਦੀ ਵਿਕਰੀ ਵਿਚ ਗਿਰਾਵਟ ਜਾਰੀ ਰਹੀ ਅਤੇ ਇਹ ਪਿਛਲੇ ਸਾਲ ਨਾਲੋਂ 45.5 ਫ਼ੀਸਦੀ ਘੱਟ ਹੈ ਪਰ ਇਹ ਸਤੰਬਰ ਨਾਲੋਂ 12.8 ਫ਼ੀਸਦੀ ਵਧੀ ਹੈ। ਪਿਛਲੇ ਮਹੀਨੇ ਕੁਲ 1903 ਮਕਾਨ ਵਿਕੇ ਜਿਹੜੇ 10 ਸਾਲਾਂ ਵਿਚ ਅਕਤੂਬਰ ਦੀ ਔਸਤਨ ਵਿਕਰੀ ਤੋਂ 33 ਫ਼ੀਸਦੀ ਘੱਟ ਹਨ। ਬੋਰਡ ਨੇ ਮਹਿੰਗਾਈ ਤੇ ਵਧ ਰਹੀਆਂ ਵਿਆਜ ਦਰਾਂ ਨੂੰ ਮੰਦੀ ਲਈ ਜ਼ਿੰਮੇਵਾਰ ਕਿਹਾ ਹੈ ਜਿਸ ਕਾਰਨ ਬਹੁਤ ਸਾਰੇ ਖਰੀਦਦਾਰਾਂ ਤੇ ਵਿਕਰੇਤਾਵਾਂ ਨੇ ਘਰ ਖਰੀਦਣ ਜਾਂ ਸੂਚੀਬੱਧ ਕਰਨ ਲਈ ਮੁੜ ਮੁਲਾਂਕਣ ਕੀਤਾ ਹੈ। ਬੋਰਡ ਨੇ ਕਿਹਾ ਕਿ ਵਿਕਰੀ ਇਤਿਹਾਸਕ ਤੌਰ 'ਤੇ ਹੇਠਲੇ ਪੱਧਰ ਹੋਣ ਕਾਰਨ ਸੂਚੀਬੱਧ ਹੋਣ ਵਾਲੀਆਂ ਪ੍ਰਾਪਰਟੀਜ਼ ਦੀ ਗਿਣਤੀ ਵਧ ਰਹੀ ਹੈ ਜਿਸ ਕਾਰਨ 2022 ਦੇ ਬਸੰਤ ਸਮੇਂ ਰਿਕਾਰਡ ਪੱਧਰ 'ਤੇ ਪਹੁੰਚੀਆਂ ਕੀਮਤਾਂ ਘੱਟ ਗਈਆਂ ਹਨ।



# ਸਿੱਧੂ ਮੂਸੇਵਾਲਾ ਕਤਲ ਕੇਸ 'ਚ ਗਾਇਕ ਮਨਕੀਰਤ ਔਲਖ ਤੇ ਦਿਲਪ੍ਰੀਤ ਢਿੱਲੋਂ ਤੋਂ ਪੁੱਛਗਿੱਛ

ਮਾਨਸਾ-ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕਾਂਡ ਵਿੱਚ ਐੱਨਆਈਏ ਨੇ ਅੱਜ ਪੰਜਾਬੀ ਗਾਇਕ ਮਨਕੀਰਤ ਔਲਖ ਅਤੇ ਦਿਲਪ੍ਰੀਤ ਢਿੱਲੋਂ ਤੋਂ ਪੁੱਛ-ਪੜਤਾਲ ਕੀਤੀ ਹੈ। ਐੱਨਆਈਏ ਵਲੋਂ ਇਹ ਪੁੱਛਗਿੱਛ ਮਰਹੂਮ ਪੰਜਾਬੀ ਗਾਇਕ ਦੇ ਪਿਤਾ ਬਲਕੌਰ ਸਿੰਘ ਸਿੱਧੂ ਵਲੋਂ ਪੰਜਾਬ ਸਰਕਾਰ ਨੂੰ ਦਿੱਤੀ ਖੁੱਲ੍ਹੀ ਚੁਣੌਤੀ ਤੋਂ ਬਾਅਦ ਕੀਤੀ ਗਈ ਹੈ। ਦੋਵਾਂ ਗਾਇਕਾਂ ਨੂੰ ਐੱਨਆਈਏ ਦੇ ਦਿੱਲੀ ਸਥਿਤ ਮੁੱਖ ਦਫ਼ਤਰ ਵਿਚ ਸੱਦਿਆ ਗਿਆ ਸੀ। ਇਨ੍ਹਾਂ ਦੋਵਾਂ ਦੇ ਨਾਮ ਪਹਿਲਾਂ ਤੋਂ ਹੀ ਗੈਂਗਸਟਰ ਲਾਰੈਂਸ ਬਿਸ਼ਨੋਈ ਨਾਲ ਜੁੜਦੇ ਆ ਰਹੇ ਹਨ, ਜਿਸ ਤੋਂ ਬਾਅਦ ਬੰਬੀਹਾ ਗੈਂਗ ਵਲੋਂ ਮਨਕੀਰਤ ਔਲਖ ਨੂੰ ਧਮਕੀਆਂ ਦਿੱਤੀਆਂ ਗਈਆਂ ਸਨ। ਐੱਨਆਈਏ ਨੇ ਫਿਲਹਾਲ ਦੋਵਾਂ ਨੂੰ ਲੋੜ ਪੈਣ ਉਤੇ ਮੁੜ ਸੱਦਣ ਦੀ ਤਾਕੀਦ ਕੀਤੀ ਹੈ। ਇਸ ਤੋਂ ਪਹਿਲਾਂ ਪੰਜਾਬੀ ਗਾਇਕਾ ਅਫ਼ਸਾਨਾ ਖ਼ਾਨ ਤੋਂ ਵੀ ਐਨਆਈਏ ਪੁੱਛਗਿੱਛ ਕਰ ਚੁੱਕੀ ਹੈ।

# ਸਿੱਖ ਨਸਲਕੁਸ਼ੀ ਦੀ 38ਵੀਂ ਬਰਸੀ ਮੌਕੇ ਵਿਚਾਰ ਚਰਚਾ

ਚੰਡੀਗੜ੍ਹ-ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਸਿੱਖ ਨਸਲਕੁਸ਼ੀ ਦੀ 38ਵੀਂ ਬਰਸੀ ਮੌਕੇ ਇਥੇ ਵਿਚਾਰ-ਚਰਚਾ ਕਰਵਾਈ ਗਈ। ਸੀਨੀਅਰ ਪੱਤਰਕਾਰ ਰਾਹੁਲ ਬੇਦੀ ਨੇ ਕਿਹਾ ਕਿ ਨਵੰਬਰ 1984 ਵਿੱਚ ਵਾਪਰੀ ਸਿੱਖ ਨਸਲਕੁਸ਼ੀ ਨੇ ਭਾਰਤ ਵਿੱਚ ਧਰਮ ਨਿਰਪੱਖ ਜਮਹੂਰੀਅਤ ਰਾਜ ਪ੍ਰਬੰਧ ਦਾ ਅੰਤ ਕਰਕੇ ਬਹੁਗਿਣਤੀ ਸਮਾਜ ਦੇ ਰਾਜ ਦੀ ਨੀਂਹ ਰੱਖੀ। ਜ਼ਿਕਰਯੋਗ ਹੈ ਕਿ ਰਾਹੁਲ ਬੇਦੀ ਨੇ ਦਿੱਲੀ ਵਿੱਚ ਹੋਏ ਕਤਲੇਆਮ ਦੀ ਰਿਪੋਰਟਿੰਗ ਪੂਰੀ ਦਲੇਰੀ ਨਾਲ ਕੀਤੀ ਸੀ। ਉਨਾਂ ਕਿਹਾ ਕਿ ਹੁਣ ਭਾਰਤ ਦੇ ਪ੍ਰਬੰਧ ਨੂੰ ਧਰਮ ਨਿਰਪੱਖ ਜਮਹੂਰੀਅਤ ਦੀਆਂ ਲੀਹਾਂ 'ਤੇ ਖੜ੍ਹਾ ਕਰ ਸਕਣ ਦੀ ਉਮੀਦ ਬਹੁਤ ਘੱਟ ਹੈ। ਇਸ ਮੌਕੇ ਡਾ. ਪਿਆਰਾ ਲਾਲ ਗਰਗ ਨੇ ਕਿਹਾ ਸਿੱਖ ਨਸਲਕੁਸ਼ੀ ਤੋਂ ਬਾਅਦ ਸਰਕਾਰਾਂ ਨੇ ਨਿਰਪੱਖ ਰਹਿਣ ਦਾ ਝਾਕਾ ਲਾਹ ਕੇ ਕਤਲੇਆਮ ਵਿੱਚ ਸਿੱਧੀ ਅਸਿੱਧੀ ਸ਼ਮੂਲੀਅਤ ਕੀਤੀ। ਸਿੱਖ ਆਗੂ ਨਰਾਇਣ ਸਿੰਘ ਚੌੜਾ ਨੇ ਕਿਹਾ ਕਿ 3000 ਸਿੱਖਾਂ ਦਾ ਕਤਲ ਕਰਨ ਵਾਲੇ ਦੋਸ਼ੀਆਂ ਨੂੰ ਅੱਜ 38 ਸਾਲਾਂ ਬਾਅਦ ਵੀ ਸਜ਼ਾਵਾਂ ਨਹੀਂ ਦਿੱਤੀਆਂ ਗਈਆਂ ਹਨ। ਭਾਈ ਅਸ਼ੋਕ ਸਿੰਘ ਬਾਗੜੀਆਂ ਨੇ ਕਿਹਾ ਕਿ ਬੜੇ ਅਫਸੋਸ ਦੀ ਗੱਲ ਹੈ ਕਿ ਸਿੱਖ ਨਸਲਕੁਸ਼ੀ ਦੀ ਢੁੱਕਵੀਂ ਯਾਦਗਾਰ ਦਰਬਾਰ ਸਾਹਿਬ ਅੰਦਰ ਨਹੀਂ ਬਣਾਈ ਗਈ।

# ਉਤਰੀ ਭਾਰਤ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਕੇਂਦਰ ਵਿਸ਼ੇਸ਼ ਕਦਮ ਉਠਾਏ-ਕੇਜਰੀਵਾਲ

ਨਵੀਂ ਦਿੱਲੀ-ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਉੱਤਰ ਭਾਰਤ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਕੇਂਦਰ ਨੂੰ ਵਿਸ਼ੇਸ਼ ਕਦਮ ਚੁੱਕਣੇ ਚਾਹੀਦੇ ਹਨ ਤੇ ਇਹ ਦੋਸ਼ ਲਾਉਣ ਅਤੇ ਰਾਜਨੀਤੀ ਕਰਨ ਦਾ ਸਮਾਂ ਨਹੀਂ ਹੈ। ਇਥੇ ਸਾਂਝੀ ਪ੍ਰੈੱਸ ਕਾਨਫਰੰਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਖੇਤਾਂ ਵਿੱਚ ਪਰਾਲੀ ਨੂੰ ਦਬਾਉਣ ਲਈ 1.20 ਲੱਖ ਮਸ਼ੀਨਾਂ ਤਾਇਨਾਤ ਕੀਤੀਆਂ ਹਨ ਤੇ ਪੰਚਾਇਤਾਂ ਨੇ ਪਰਾਲੀ ਨਾ ਸਾੜਨ ਸਬੰਧੀ ਮਤਾ ਪਾਸ ਕੀਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਝੋਨੇ ਦੀ ਭਾਰੀ ਪੈਦਾਵਾਰ ਕਾਰਨ ਪਰਾਲੀ ਦੀ ਮਾਤਰਾ ਹੋਰ ਵੱਧ ਗਈ। ਮੁੱਖ ਮੰਤਰੀ ਨੇ ਵਾਅਦਾ ਕੀਤਾ ਕਿ ਅਗਲੇ ਸਾਲ ਨਵੰਬਰ ਤੱਕ ਹੱਲ ਕੱਢ ਲਿਆ ਜਾਵੇਗਾ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਲੀ ਦੇ ਪ੍ਰਾਇਮਰੀ ਸਕੂਲ ਸ਼ਨਿਚਰਵਾਰ ਤੋਂ ਬੰਦ ਰਹਿਣਗੇ, ਔਡ-ਈਵਨ ਯੋਜਨਾ ਨੂੰ ਲਾਗੂ ਕਰਨ ਤੇ ਚਰਚਾ ਚੱਲ ਰਹੀ ਹੈ।

**Injured in an accident?**

**ICBC claim?**

**We can help.**

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.**

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



**For a fair settlement for your claim, call Mandeep Randhawa today.**

604-449-7500

RM TRIAL LAWYERS
MANDEEP RANDHAWA LAW CORPORATION

PERSONAL INJURY LAWYERS
T 604-449-7500 F 604-449-7501
mrandhawa@rmlawyers.ca www.rmlawyers.ca
205-7134 King George Boulevard, Surrey, BC V3W 5A3

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤ ਲਾਇ॥ ਮਨਿ ਚਿੰਦਿਆ ਫਲ ਪਾਵਣਾ ਹਉਮੈ ਵਿਚਹੁ ਜਾਇ॥

# ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ

## ਦੀ ਪ੍ਰਬੰਧਕ ਕਮੇਟੀ 2016-2022 ਦੀਆਂ ਪ੍ਰਾਪਤੀਆਂ ਤੇ ਉਦੇਸ਼:

## ਚੋਣ ਮੈਨੀਫੈਸਟੋ ਉਦੇਸ਼

1. ਅਸੀਂ ਸ਼ਬਦ ਗੁਰੂ ਦੇ ਸਰਵੋਤਮ ਕੇਂਦਰ ਸ੍ਰੀ ਅਕਾਲ ਤਖ਼ਤ ਦਾ ਸਤਿਕਾਰ ਕਰਦੇ ਹਾਂ ਤੇ ਕਰਦੇ ਰਹਾਂਗੇ।
2. ਗਦਰੀ ਬਾਬਿਆਂ ਵੱਲੋਂ ਮੁੱਢਲੀ ਚਲਾਈ ਹੋਈ ਮੇਜ਼ ਕੁਰਸੀਆਂ 'ਤੇ ਬੈਠ ਕੇ ਲੰਗਰ ਛੱਕਣ ਦੀ ਪ੍ਰੰਪਰਾ ਨੂੰ ਕਾਇਮ ਰੱਖਿਆ ਜਾਵੇਗਾ।
3. ਗੁਰੂ ਅਮਰਦਾਸ ਜੀ ਵਾਲੀ ਜਗ੍ਹਾ ਨੂੰ ਰੀ-ਜੋਨਿੰਗ ਕਰਾਇਆ ਜਾਵੇਗਾ। ਸੰਪੂਰਨ ਰੂਪ ਵਿਚ ਉਚ ਪੱਧਰੀ ਐਲੀਮੈਂਟਰੀ ਸਕੂਲ ਗੁਰੂ ਅਮਰਦਾਸ ਜੀ ਦੇ ਨਾਂ 'ਤੇ ਬਣਾਇਆ ਜਾਵੇਗਾ ਅਤੇ ਸੀਨੀਅਰ ਵਾਸਤੇ ਨਰਸਿੰਗ ਹੋਮ ਅਤੇ ਕੇਅਰ ਹੋਮ ਖੋਲ੍ਹਣ ਦਾ ਉਪਰਾਲਾ ਕੀਤਾ ਜਾਵੇਗਾ।
4. ਗੁਰਦੁਆਰਾ ਸਾਹਿਬ ਦੇ ਲਾਗਲੇ 5 ਸਕੂਲਾਂ ਵਿੱਚ ਪੰਜਾਬੀ ਪੜ੍ਹਾਈ ਜਾਂਦੀ ਹੈ। ਕੁਝ ਮਹੀਨਿਆਂ ਵਿੱਚ ਪੰਜਾਬੀ ਦੀਆਂ ਕਲਾਸਾਂ ਦੁਬਾਰਾ ਸ਼ੁਰੂ ਹੋਣ ਜਾ ਰਹੀਆਂ ਹਨ। ਦੋ ਦਿਨ ਗੁਰਦੁਆਰਾ ਸਾਹਿਬ ਵਿੱਚ ਵੀ ਪੰਜਾਬੀ ਪੜ੍ਹਾਈ ਜਾਂਦੀ ਹੈ।
5. ਅੱਠ ਸਕੂਲਾਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਵਜੀਫ਼ੇ ਦਿੱਤੇ ਗਏ। ਅਗਲੇ ਸਾਲ ਤੋਂ ਹੋਰ ਜਿਆਦਾ ਵਿਦਿਆਰਥੀਆਂ ਨੂੰ ਵਜੀਫ਼ੇ ਦਿੱਤੇ ਜਾਣਗੇ।
6. ਕਮਿਊਨਿਟੀ ਅੱਗੇ ਆ ਰਹੇ ਦਰਪੇਸ਼ ਮਸਲੇ ਡਰੱਗਜ਼, ਸ਼ਰਾਬ ਤੇ ਗੈਂਗਵਾਰ 'ਤੇ ਕੌਂਸਲਿੰਗ ਕਰਾਈ ਜਾਵੇਗੀ। ਰੋਕਥਾਮ ਲਈ ਉਚਿਤ ਉਪਰਾਲੇ ਕੀਤੇ ਜਾਣਗੇ।
7. ਨਗਰ ਕੀਰਤਨ ਹਰ ਸਾਲ ਦੀ ਤਰ੍ਹਾਂ ਵਿਸ਼ਾਲ ਪੱਧਰ ਤੇ ਸਜਾਇਆ ਜਾਵੇਗਾ ਅਤੇ ਪੰਥ ਪ੍ਰਵਾਣਿਤ ਰਹਿਤ ਮਰਿਆਦਾ ਅਨੁਸਾਰ ਅੰਮ੍ਰਿਤ ਸੰਚਾਰ ਦੀ ਲਹਿਰ ਨੂੰ ਤੇਜ਼ ਕੀਤਾ ਜਾਵੇਗਾ।
8. ਗੁਰਦੁਆਰਾ ਸਾਹਿਬ ਹਰ ਸਾਲ ਬੱਬਰ ਸ਼ਹੀਦਾਂ ਦੀ ਯਾਦ ਵਿਚ ਸਾਲਾਨਾ ਖੇਡ ਮੇਲਾ ਕਬੱਡੀ, ਘੋਲ, ਐਥਲੈਟਿਕਸ, ਸੋਕਰ, ਵਾਲੀਬਾਲ, ਹਾਕੀ ਦੀਆਂ ਖੇਡਾਂ ਕਰਵਾਈਆਂ ਜਾਣਗੀਆਂ।
9. ਸਿੱਖ ਸੰਗਤ ਵਿਚ ਸਹਿਜਧਾਰੀ ਤੇ ਅੰਮ੍ਰਿਤਧਾਰੀ ਸਿੱਖ ਵਿਚਕਾਰ ਭੇਦਭਾਵ ਖਤਮ ਕਰਨ ਦਾ ਯਤਨ ਕਰਦੇ ਹਾਂ ਤੇ ਅਗਾਂਹ ਵੀ ਕਰਦੇ ਰਹਾਂਗੇ।
10. ਮੈਰੀਨ ਡਰਾਈਵ 'ਤੇ ਖਾਲਸਾ ਦੀਵਾਨ ਰੋਡ ਤੇ ਇਲੈਕਟਰੋਨਿਕ ਬੋਰਡ ਲਗਾਇਆ ਜਾਵੇਗਾ ਤੇ ਉਥੇ ਜਾਣਕਾਰੀ ਉਪਲਬਧ ਕੀਤੀ ਜਾਇਆ ਕਰੇਗੀ।
11. ਗੁਰਦੁਆਰਾ ਸਾਹਿਬ ਦੁਆਰਾ ਦਿੱਤੀਆਂ ਸਮਾਜਿਕ ਸੇਵਾਵਾਂ ਟੈਕਸ ਭਰਨ, ਸਿਟੀਜ਼ਨਸ਼ਿਪ ਲਈ ਤਿਆਰੀ ਕਰਨਾ, ਪਾਸਪੋਰਟ ਲਈ ਅਪਲਾਈ ਕਰਨਾ ਅਤੇ ਹੋਰ ਅਨੇਕਾਂ ਪ੍ਰਕਾਰ ਦੀਆਂ ਜਾਣਕਾਰੀਆਂ ਰਿਸੋਰਸ ਸੈਂਟਰ ਰਾਹੀਂ ਉਪਲਬੱਧ ਕੀਤੀਆਂ ਜਾਂਦੀਆਂ ਹਨ ਤੇ ਕੀਤੀਆਂ ਜਾਂਦੀਆਂ ਰਹਿਣਗੀਆਂ।
12. ਗੁਰੂ ਘਰ ਵੱਲੋਂ ਸਿਹਤ ਸੇਵਾਵਾਂ ਦੇ ਪ੍ਰੋਗਰਾਮਾਂ ਨੂੰ ਸੰਗਤਾਂ ਦੀਆਂ ਲੋੜਾਂ ਅਨੁਸਾਰ ਚੰਗੇਰਾ ਬਣਾਇਆ ਜਾਵੇਗਾ।
13. ਗੁਰੂਘਰ ਦਾ ਪ੍ਰਬੰਧ ਵਧੀਆ ਤਰੀਕੇ ਨਾਲ ਚਲਾਉਣ ਲਈ ਸਬਕਮੇਟੀਆਂ ਬਣਾਈਆਂ ਜਾਣਗੀਆਂ।

## ਪ੍ਰਾਪਤੀਆਂ

1. 1997 ਵਿੱਚ ਗੁਰਦੁਆਰਾ ਸਾਹਿਬ ਉਤੇ 37 ਲੱਖ ਦਾ ਕਰਜ਼ਾ ਸੀ। ਇਸ ਵਕਤ ਗੁਰਦੁਆਰਾ ਸਾਹਿਬ ਦੀ RENOVATION ਅਤੇ EXTENSION ਕਰਨ ਤੋਂ ਉਪਰੰਤ ਤੇ ਨਵਾਂ ਫਲੋਟ ਬਣਾ ਕੇ ਹੁਣ ਸਿਰਫ਼ 9 ਲੱਖ 86 ਹਜ਼ਾਰ ਦੀ ਮੋਰਟਗੇਜ਼ ਹੈ। ਗੁਰਦੁਆਰਾ ਸਾਹਿਬ ਦੇ ਬੈਂਕ ਅਕਾਊਂਟ ਵਿੱਚ 6 ਲੱਖ ਡਾਲਰ ਤੋਂ ਜਿਆਦਾ ਜਮ੍ਹਾਂ ਹੈ। ਜੇਕਰ ਆਉਣ ਵਾਲੇ ਸਮਿਆਂ ਵਿੱਚ ਇਸ ਤਰ੍ਹਾਂ ਹੀ ਸੰਗਤਾਂ ਦਾ ਸਹਿਯੋਗ ਮਿਲਦਾ ਰਿਹਾ ਤੇ ਵਾਹਿਗੁਰੂ ਜੀ ਦੀ ਕਿਰਪਾ ਨਾਲ ਅਗਲੇ ਕੁਝ ਕੁ ਮਹੀਨਿਆਂ ਵਿੱਚ ਹੀ ਗੁਰਦੁਆਰਾ ਸਾਹਿਬ ਕਰਜ਼ ਮੁਕਤ ਹੋ ਜਾਵੇਗਾ।
2. ਗੁਰਦੁਆਰੇ ਦੀ ਸੰਪੂਰਨ ਰੈਨੋਵੇਸ਼ਨ ਅਤੇ ਕੰਨਸਟਰਕਸ਼ਨ ਕੀਤੀ ਗਈ, ਜਿਸ ਵਿਚ ਏਅਰ ਕੰਡੀਸ਼ਨ, ਸਪਰਿੰਕਲਰ ਸਿਸਟਮ, ਬਜ਼ੁਰਗਾਂ ਲਈ ਲਿਫਟ, ਪਾਰਕਿੰਗ ਵਿਚ ਨਵੀਆਂ ਲਾਈਟਾਂ ਤੇ ਨਵੀਂ ਬਲੈਕ ਟੋਪ ਪਾਈ ਗਈ, ਨਵੇਂ ਸਾਫ਼-ਸੁਥਰੇ ਵਾਸ਼-ਰੂਮ, ਨਵੀਆਂ ਟੀ.ਵੀ. ਸਕਰੀਨਾਂ 68 ਸਕਿਓਰਿਟੀ ਕੈਮਰੇ ਲਗਾਏ ਗਏ। ਲੰਗਰ ਦੇ ਬਾਹਰੋਂ ਤੇ ਫਰੰਟ ਤੋਂ ਲੈ ਕੇ 7500 ਸੁਕੇਅਰ ਫੁੱਟ ਦਾ ਵਾਧਾ ਕੀਤਾ ਗਿਆ। ਗੁਰੂ ਘਰ ਦੀ ਨਵੀਂ ਛੱਤ ਦੀ ਉਸਾਰੀ ਕੀਤੀ ਗਈ। ਵਧੀਆ ਲੈਂਡ ਸਕੇਪਿੰਗ ਕੀਤੀ ਗਈ।
3. ਨਗਰ ਕੀਰਤਨ ਵਾਸਤੇ ਨਵਾਂ ਫਲੋਟ 1 ਲੱਖ 50 ਹਜ਼ਾਰ ਦੀ ਲਾਗਤ ਨਾਲ ਤਿਆਰ ਕਰਕੇ ਉਸ ਨੂੰ ਸੁਚੱਜੇ ਥਾਂ 'ਤੇ ਰੱਖਣ ਦੀ ਜਗ੍ਹਾ ਵੀ ਬਣਾਈ ਗਈ।
4. ਪੋਰਟ ਅਲਬਰਨੀ ਖਾਲਸਾ ਦੀਵਾਨ ਸੁਸਾਇਟੀ ਗੁਰੂਘਰ ਵਿਕਣ ਤੇ ਉਨ੍ਹਾਂ ਦਾ 2 ਲੱਖ ਡਾਲਰ ਦਾ ਪੋਰਟ ਅਲਬਰਨੀ ਹਸਪਤਾਲ ਨੂੰ ਦਿੱਤਾ ਗਿਆ, ਜਿੱਥੇ ਚਾਰ ਕਮਰੇ ਖਾਲਸਾ ਦੀਵਾਨ ਸੁਸਾਇਟੀ, ਪੋਰਟ ਅਲਬਰਨੀ ਦੇ ਨਾਂ 'ਤੇ ਬਣਾਏ ਜਾਣਗੇ ਤੇ 25 ਹਜ਼ਾਰ ਡਾਲਰ ਉਥੋਂ ਦੇ ਇੰਡੋ-ਕੈਨੇਡੀਅਨ ਫਿਊਨਰਲ ਹੋਮ ਨੂੰ ਦਿੱਤਾ ਗਿਆ।
5. ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ 'ਤੇ ਇੰਟਰਫੇਥ ਸੈਮੀਨਾਰ ਕਰਾਇਆ ਗਿਆ। ਕੀਰਤਨ ਦਰਬਾਰ, ਢਾਡੀ ਦਰਬਾਰ, ਕਵੀ ਦਰਬਾਰ ਤੇ ਕਥਾ ਦਰਬਾਰ ਕਰਵਾਏ ਗਏ।
6. ਕੋਵਿਡ ਦੀ ਮਹਾਂਮਾਰੀ ਦਰਮਿਆਨ ਸੈਂਕੜੇ ਵਿਦਿਆਰਥੀਆਂ ਨੂੰ ਖਾਣਾ, ਪੈਕ ਕਰਕੇ ਮੁਹੱਈਆ ਕੀਤਾ ਗਿਆ ਤੇ ਲੋੜਵੰਦਾਂ ਨੂੰ ਰਾਸ਼ਨ ਦਿੱਤਾ ਗਿਆ।
7. ਕੋਵਿਡ ਦੇ ਸਮੇਂ ਫਰੰਟ ਲਾਈਨ 'ਤੇ ਕੰਮ ਕਰ ਰਹੇ ਡਾਕਟਰ, ਨਰਸਾਂ ਨੂੰ ਉਚੇਚੇ ਇਕੁਐਪਮਿੰਟ ਸਪਲਾਈ ਕੀਤੇ ਗਏ। ਹਰ ਪ੍ਰਕਾਰ ਦੀ ਮਦਦ ਪਹੁੰਚਾਈ ਗਈ।
8. ਕੋਵਿਡ ਸਮੇਂ ਖਾਲਸਾ ਦੀਵਾਨ ਸੁਸਾਇਟੀ ਨੇ ਬਾਕੀ ਸੁਸਾਇਟੀਆਂ ਦੇ ਸਹਿਯੋਗ ਨਾਲ 1 ਲੱਖ ਡਾਲਰ (58 ਲੱਖ ਰੁਪਏ) ਇਕੱਤਰ ਕਰਕੇ ਦਿੱਲੀ ਦੇ ਗੁਰਦੁਆਰੇ ਨੂੰ ਕੋਵਿਡ ਨਾਲ ਜੂਝ ਰਹੇ ਮਰੀਜ਼ਾਂ ਲਈ ਭੇਜਿਆ, ਜੋ ਸਹੀ ਜਗ੍ਹਾ 'ਤੇ ਇਸਤੇਮਾਲ ਕੀਤਾ ਗਿਆ।
9. 2022 ਨੂੰ ਖਾਲਸੇ ਦੀ ਸਾਜਨਾ ਦਿਵਸ 'ਤੇ 22 ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ।
10. ਰੋਸ ਸਟਰੀਟ ਦਾ ਨਾਂ 57 ਐਵੀਨਿਊ ਤੋਂ ਮੈਰੀਨ ਡਰਾਈਵ ਤੱਕ ਕੋਸ਼ਿਸ਼ਾਂ ਕਰਕੇ ਖਾਲਸਾ ਦੀਵਾਨ ਰੋਡ ਰੱਖਵਾਇਆ ਗਿਆ।
11. ਇੰਡੀਆ ਤੋਂ ਪ੍ਰਸ਼ਾਦੇ ਬਣਾਉਣ ਵਾਲੀ ਮਸ਼ੀਨ ਆਰਡਰ ਕੀਤੀ ਹੈ।
12. ਫੈਡਰਲ ਸਰਕਾਰ ਵੱਲੋਂ 94 ਹਜ਼ਾਰ ਡਾਲਰ ਤੇ ਸੂਬਾ ਸਰਕਾਰ ਵੱਲੋਂ 1 ਲੱਖ 10 ਹਜ਼ਾਰ ਡਾਲਰ ਦੀ ਗਰਾਂਟ ਕੋਸ਼ਿਸ਼ਾਂ ਕਰਕੇ ਪ੍ਰਾਪਤ ਕੀਤੀ ਗਈ।
13. ਅਫਗਾਨਿਸਤਾਨ ਤੋਂ 5 ਭਾਰਤੀ ਮੂਲ ਦੇ ਸ਼ਰਨਾਰਥੀਆਂ ਨੂੰ ਮੰਗਵਾਇਆ ਗਿਆ ਅਤੇ ਲੋੜ ਅਨੁਸਾਰ ਮੱਦਦ ਮੁਹਈਆ ਕੀਤੀ ਗਈ।

KHALSA DIWAN SOCIETY VANCOUVER

# ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ

## ਦੀਆਂ ਚੋਣਾਂ 2023-25

**ਬੱਬਰ ਸ਼ਹੀਦਾਂ ਅਤੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦੀ ਸੋਚ 'ਤੇ ਪਹਿਰਾ ਦੇਣ ਵਾਲੀ ਸ. ਕੁਲਦੀਪ ਸਿੰਘ ਥਾਂਦੀ ਦੀ ਅਗਵਾਈ ਵਾਲੀ ਮੌਡਰੇਟ ਸਿੱਖ ਸਲੇਟ ਨੂੰ 5 ਨਵੰਬਰ ਨੂੰ ਵੋਟਾਂ ਪਾ ਕੇ ਸੇਵਾ ਦਾ ਮੌਕਾ ਦਿਓ।**



**ਮੋਹਣ ਸਿੰਘ ਗਿੱਲ**
**ਸੀਨੀਅਰ ਮੀਤ ਪ੍ਰਧਾਨ**
1969 ਵਿਚ ਕੈਨੇਡਾ ਆਏ। 1970 ਤੋਂ ਖਾਲਸਾ ਦੀਵਾਨ ਸੁਸਾਇਟੀ ਨਾਲ ਜੁੜੇ ਹੋਏ ਹਨ। ਹਮੇਸ਼ਾ ਗੁਰੂ ਘਰ ਦੀ ਸੇਵਾ ਲਈ ਹਾਜ਼ਰ ਹੁੰਦੇ ਹਨ।



**ਜਗਦੀਪ ਸਿੰਘ ਸੰਘੇੜਾ**
**ਵਾਈਸ ਪ੍ਰਧਾਨ**
1975 ਵਿਚ ਕੈਨੇਡਾ ਆਏ। ਪ੍ਰਿੰਸ ਜਾਰਜ ਅਤੇ ਲੰਗਾਰਾ ਕਾਲਜ ਤੋਂ ਵਿੱਦਿਆ ਪ੍ਰਾਪਤ ਕੀਤੀ। ਫਾਈਵ ਰਿਵਰ ਫਿਊਨਰਲ ਸੁਸਾਇਟੀ ਦੇ ਸੀਨੀਅਰ ਵਾਈਸ ਪ੍ਰਧਾਨ ਹਨ। 1996 ਤੋਂ ਮੌਡਰੇਟ ਗਰੁੱਪ ਨਾਲ ਸਰਗਰਮ ਹਨ।



**ਕਸ਼ਮੀਰ ਸਿੰਘ ਧਾਲੀਵਾਲ**
**ਜਨਰਲ ਸਕੱਤਰ**
ਐੱਮ.ਏ. ਹਿਸਟਰੀ, 1983 ਵਿਚ ਕੈਨੇਡਾ ਆਏ। ਸਟੀਲ ਵਰਕਰ ਯੂਨੀਅਨ ਦੇ ਚੇਅਰਮੈਨ ਰਹੇ। 1996-1997 ਵਿਚ ਮੌਡਰੇਟ ਗਰੁੱਪ ਵਿਚ ਮੋਹਰਲੀਆਂ ਕਤਾਰਾਂ ਵਿਚ ਰਹੇ ਹਨ। 2007 ਤੋਂ 2011 ਤੱਕ ਮੁੱਖ ਸੇਵਾਦਾਰ ਦੀਆਂ ਸੇਵਾਵਾਂ ਨਿਭਾਈਆਂ। ਵੈਨਕਵਰ ਸਿਟੀ ਵੱਲੋਂ ਕੁਈਨ ਅਲਿਜ਼ਬੈਥ ਗੋਲਡ ਮੈਡਲ ਨਾਲ ਸਨਮਾਨਿੱਤ ਕੀਤੇ ਗਏ।



**ਕੁਲਦੀਪ ਸਿੰਘ ਥਾਂਦੀ, ਪ੍ਰਧਾਨ**
**KULDIP SINGH THANDI**
**President**
1962 ਵਿਚ ਇੰਗਲੈਂਡ ਆਏ। 1972 ਵਿਚ ਕੈਨੇਡਾ ਆਏ। ਪਿਛਲੇ 47 ਸਾਲਾਂ ਤੋਂ ਮੌਡਰੇਟ ਗਰੁੱਪ ਦੀ ਸੋਚ ਨੂੰ ਸਮਰਪਿਤ ਹਨ। ਮੁੱਖ ਸੇਵਾਦਾਰ ਦੀ ਸੇਵਾ ਲਈ ਸੰਗਤਾਂ ਨੂੰ ਅਪੀਲ ਕਰਦੇ ਹਨ ਕਿ ਸਮੁੱਚੀ ਮੌਡਰੇਟ ਸਿੱਖ ਸਲੇਟ ਨੂੰ ਵੋਟਾਂ ਪਾ ਕੇ ਕਾਮਯਾਬ ਕਰੋ।



**ਸੁਖਪਾਲ ਸਿੰਘ ਝੂਟੀ**
**ਖਜ਼ਾਨਚੀ**
1973 ਤੋਂ ਕੈਨੇਡਾ ਰਹਿ ਰਹੇ ਹਨ। ਬੀ. ਸੀ. ਆਈ. ਟੀ. ਵੱਲੋਂ ਆਰਕੀਟੈਕਚਰ ਅਤੇ ਡਿਜ਼ਾਈਨ ਦਾ ਕੋਰਸ ਕਰਕੇ 1979 ਤੋਂ 2012 ਤੱਕ (32 ਸਾਲ) ਇਸੇ ਕਿੱਤੇ ਨਾਲ ਸੰਬੰਧਤ ਕੰਮ ਕੀਤਾ। ਪਿਛਲੇ 10 ਸਾਲਾਂ ਤੋਂ ਗੁਰਦੁਆਰੇ ਦੀ ਰੈਨੋਵੇਸ਼ਨ ਅਤੇ ਗੁਰੂਘਰ ਨੂੰ ਵਧਾਉਣ ਲਈ ਵਾਲੰਟੀਅਰ ਦੇ ਤੌਰ 'ਤੇ ਕੰਮ ਕੀਤਾ। ਪਿਛਲੇ 3 ਸਾਲਾਂ ਤੋਂ ਵਾਈਸ ਪ੍ਰਧਾਨ ਦੀਆਂ ਸੇਵਾਵਾਂ ਨਿਭਾ ਰਹੇ ਹਨ।



**ਜਰਨੈਲ ਸਿੰਘ ਭੰਡਾਲ**
**ਸਹਾਇਕ ਜਨਰਲ ਸਕੱਤਰ**
ਐੱਮ. ਏ. ਇਕਨਾਮਿਕਸ, 1970 ਵਿਚ ਕੈਨੇਡਾ ਆਏ। ਕੈਨੇਡਾ ਵਿੱਚ ਸਿੱਖ ਮਿਸ਼ਨਰੀ ਦੀ ਡਿਗਰੀ ਪ੍ਰਾਪਤ ਕੀਤੀ। 1992 ਤੋਂ ਰੀਅਲ ਅਸਟੇਟ ਤੇ ਡਿਵੈਲਪਮੈਂਟ ਦਾ ਕੰਮ ਕਰ ਰਹੇ ਹਨ। ਡੈਂਟਲ ਸਰਜਨ ਆਫ਼ ਬੀ.ਸੀ. ਕਾਲਜ ਦੇ ਬੋਰਡ ਆਫ ਡਾਇਰੈਕਟਰ ਰਹੇ। ਕੈਨੇਡਾ ਸਰਕਾਰ ਵੱਲੋਂ ਕੁਈਨ ਅਲਿਜ਼ਬੈਥ ਗੋਲਡ ਮੈਡਲ ਨਾਲ ਸਨਮਾਨਿਤ ਹਨ।



**ਭੁਪਿੰਦਰ ਸਿੰਘ ਨਿੱਝਰ**
**ਸੀਨੀਅਰ ਸਹਾਇਕ ਖਜ਼ਾਨਚੀ**
1968 ਵਿਚ ਕੈਨੇਡਾ ਆਏ। ਮਿੱਲਾਂ ਵਿਚ ਕੰਮ ਕੀਤਾ ਅਤੇ ਟਰੱਕ ਡਰਾਈਵਰ ਦਾ ਕੰਮ ਕੀਤਾ। ਪਿਛਲੇ 3 ਸਾਲਾਂ ਤੋਂ ਸੀਨੀਅਰ ਸਹਾਇਕ ਖਜ਼ਾਨਚੀ ਦੀ ਸੇਵਾ ਨਿਭਾ ਰਹੇ ਹਨ।



**ਜੁਗਿੰਦਰ ਸਿੰਘ ਸੁੰਨੜ**
**ਰਿਕਾਰਡਿੰਗ ਸਕੱਤਰ**
ਐੱਮ. ਏ. ਇਕਨਾਮਿਕਸ ਹਨ। 1983 ਵਿਚ ਕੈਨੇਡਾ ਆਏ। 25 ਸਾਲਾਂ ਤੋਂ ਸਟੀਲ ਵਰਕਰ ਯੂਨੀਅਨ ਦੇ ਕਾਰਜਕਾਰੀ ਬੋਰਡ ਦੇ ਮੈਂਬਰ ਹਨ। ਪਿਛਲੇ ਸਮਿਆਂ 'ਚ ਜਨਰਲ ਸਕੱਤਰ ਦੀਆਂ ਸੇਵਾਵਾਂ ਨਿਭਾਈਆਂ।

**ON SATURDAY, NOVEMBER 5th, 2022**

**VOTE FOR MODERATE SIKH SLATE**



**ਗੁਰਦੀਪ ਸਿੰਘ ਹੇਅਰ**
**ਸਹਾਇਕ ਖਜ਼ਾਨਚੀ**
1984 ਵਿਚ ਕੈਨੇਡਾ ਆਏ। ਖਾਲਸਾ ਕਾਲਜ ਤੋਂ ਬੀ.ਏ. ਪਾਸ ਹਨ। ਇਸ ਦੇ ਨਾਲ 1995 ਤੋਂ ਕੰਨਸਟਰਕਸ਼ਨ ਦਾ ਕੰਮ ਵੀ ਕਰਦੇ ਹਨ। ਪਿਛਲੇ 20 ਸਾਲਾਂ ਤੋਂ ਬੱਚਿਆਂ ਦੀ ਆਈਸ ਹਾਕੀ, ਸਾਕਰ ਦੀਆਂ ਖੇਡਾਂ ਵਿਚ ਵਾਲੰਟੀਅਰ ਦੇ ਤੌਰ 'ਤੇ ਸੇਵਾਵਾਂ ਨਿਭਾਈਆਂ ਹਨ। ਇਸ ਵਕਤ ਸਹਾਇਕ ਸਕਤਰ ਦੀਆਂ ਸੇਵਾਵਾਂ ਨਿਭਾ ਰਹੇ ਹਨ।



**ਹਰਸਿਮਰਨ ਸਿੰਘ ਔਜਲਾ**
**ਸਹਾਇਕ ਰਿਕਾਰਡਿੰਗ ਸਕੱਤਰ**
ਮਕੈਨੀਕਲ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਹਨ। 1994 ਵਿਚ ਕੈਨੇਡਾ ਆਏ। ਭਾਰਤ ਵਿਚ ਵੱਖ-ਵੱਖ ਗੁਰੂਘਰਾਂ ਦੀਆਂ ਕਮੇਟੀਆਂ ਵਿਚ ਸੇਵਾਵਾਂ ਨਿਭਾਈਆਂ। 2017 ਵਿਚ ਰਿਕਾਰਡਿੰਗ ਸਕੱਤਰ ਰਹੇ। 28 ਸਾਲਾਂ ਤੋਂ ਖਾਲਸਾ ਦੀਵਾਨ ਸੁਸਾਇਟੀ ਨਾਲ ਜੁੜੇ ਹੋਏ ਹਨ।



**ਇੰਦਰਜੀਤ ਕੌਰ ਉੱਪਲ**
**ਮੈਂਬਰ**
ਪਿਛਲੇ 35 ਸਾਲਾਂ ਤੋਂ ਖਾਲਸਾ ਦੀਵਾਨ ਸੁਸਾਇਟੀ ਨਾਲ ਜੁੜੇ ਹੋਏ ਹਨ। ਗੁਰੂਘਰ ਦੀਆਂ ਹਰ ਪ੍ਰਕਾਰ ਦੀਆਂ ਸੇਵਾਵਾਂ ਲਈ ਤੱਤਪਰ ਹਨ। ਪਹਿਲਾਂ ਵੀ ਕਮੇਟੀ ਵਿਚ ਸੇਵਾ ਨਿਭਾ ਚੁੱਕੇ ਹਨ।



**ਰਘਵੀਰ ਸਿੰਘ ਕੁਲਾਰ**
**ਮੈਂਬਰ**
1963 'ਚ ਇੰਗਲੈਂਡ ਆਏ। 1974 ਵਿਚ ਕੈਨੇਡਾ ਆਏ। 35 ਸਾਲ ਕਾਰਪੈਂਟਰ ਦਾ ਕੰਮ ਕੀਤਾ। ਪਿਛਲੀਆਂ ਤਿੰਨ ਟਰਮਾਂ ਤੋਂ ਅਣਥੱਕ ਤੇ ਨਿਸ਼ਕਾਮ ਸੇਵਾ ਨਿਭਾ ਰਹੇ ਹਨ।



**ਜਰਨੈਲ ਸਿੰਘ, ਮੈਂਬਰ**
1987 'ਚ ਕੈਨੇਡਾ ਆਏ। 1992 ਤੋਂ ਆਪਣੀ ਫਰੇਮਿੰਗ ਕੰਪਨੀ ਚਲਾ ਰਹੇ ਹਨ। ਟੀਮ ਸੇਵਾ ਦਾ ਮੈਂਬਰ ਹੈ ਅਤੇ ਲੰਗਰਾਂ ਦੀਆਂ ਸੇਵਾਵਾਂ ਵੀ ਨਿਭਾਉਂਦੇ ਹਨ।



**ਗੁਰਦਿਆਲ ਸਿੰਘ ਗੈਡੇ, ਮੈਂਬਰ**
1972 ਵਿਚ ਕੈਨੇਡਾ ਆਏ। 1981 ਵਿਚ ਆਪਣਾ ਪਲੰਬਿੰਗ ਦਾ ਕਾਰੋਬਾਰ ਖੋਲ੍ਹਿਆ, ਪਿਛਲੇ 6 ਸਾਲਾਂ ਤੋਂ ਸੇਵਾ ਨਿਭਾ ਰਹੇ ਹਨ। ਗੁਰੂ ਘਰ ਦੀ ਰੈਨੋਵੇਸ਼ਨ ਤੇ ਕੰਨਸਟਰਕਸ਼ਨ ਵਿਚ ਪਲੰਬਿੰਗ ਦਾ ਬਹੁਤ ਵਲੰਟੀਅਰ ਕੰਮ ਕੀਤਾ। ਗੁਰੂ ਘਰ ਦੇ ਨਿਸ਼ਕਾਮ ਸੇਵਾਦਾਰ ਹਨ।



**ਕੁਲਵੀਰ ਸਿੰਘ ਸ਼ੇਕਰ, ਮੈਂਬਰ**
1999 ਵਿਚ ਕੈਨੇਡਾ ਆਏ। 2004 ਤੋਂ ਆਪਣਾ ਪੇਂਟਿੰਗ ਦਾ ਬਿਜ਼ਨਸ ਖੋਲ੍ਹਿਆ। ਗੁਰੂਘਰ ਦੀ ਰੈਨੋਵੇਸ਼ਨ ਲਈ ਵਾਲੰਟੀਅਰ ਤੌਰ 'ਤੇ ਨਿਸ਼ਕਾਮ ਸੇਵਾ ਕੀਤੀ। ਟੀਮ ਸੇਵਾ ਦਾ ਮੈਂਬਰ ਹੈ।

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

**Link!**
**hughesco.com**
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*
***Remote Location? No Problem. We will come to you !***

ੴ ਵਾਹਿਗੁਰੂ ਜੀ ਕੀ ਫਤਿਹ॥

# ਖਾਲਸਾ ਦੀਵਾਨ ਸੁਸਾਇਟੀ

ਦੇਗ ਤੇਗ ਫਤਹਿ

ਪੰਥ ਕੀ ਜੀਤ

8000 Khalsa Diwan Road, Vancouver, B.C. Canada, V5X 4C5. Ph.: (604) 322-5210, (604) 324-2010, Fax: (604) 565-0500



ਇਲਾਹੀ ਗੁਰਬਾਣੀ ਦੇ ਰਚਣਹਾਰ, ਸਿੱਖ ਪੰਥ ਦੇ ਬਾਨੀ, ਪਹਿਲੇ ਪਾਤਸ਼ਾਹ

## ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ

ਦੇ 553ਵੇਂ ਪਾਵਨ ਪ੍ਰਕਾਸ਼ ਗੁਰਪੁਰਬ ਦੀਆਂ
ਦੇਸ਼ ਵਿਦੇਸ਼ ਵਸਦੀਆਂ ਸਮੂਹ ਸੰਗਤਾਂ ਨੂੰ

## ਬਹੁਤ ਬਹੁਤ ਵਧਾਈਆਂ

ਸੰਗਤਾਂ ਦੇ ਦਾਸ: ਸਮੂਹ ਪ੍ਰਬੰਧਕ ਕਮੇਟੀ

| | | | |
|---|---|---|---|
| ਮਲਕੀਤ ਸਿੰਘ ਧਾਮੀ<br>ਪ੍ਰਧਾਨ<br>604-728-8548 | ਕੁਲਦੀਪ ਸਿੰਘ ਥਾਂਦੀ<br>ਖਜਾਨਚੀ<br>604-377-3114 | ਜਰਨੈਲ ਸਿੰਘ ਭੰਡਾਲ<br>ਜਨਰਲ ਸਕੱਤਰ<br>604-722-6544 | ਗਿਆਨੀ ਹਰਮਿੰਦਰਪਾਲ ਸਿੰਘ<br>ਪ੍ਰਧਾਨ<br>778-706-5166 |

# ਗੁਰੂ ਜੀ ਦਾ ਮਾਨਵ ਕਲਿਆਣਕਾਰੀ ਉਪਦੇਸ਼



ਕੂੜ-ਕੁਸੱਤ ਦੇ ਭਾਰ ਨਾਲ ਡਿਗਦੀ, ਡੋਲਦੀ ਤੇ ਅਗਿਆਨਤਾ ਦੇ ਹਨ੍ਹੇਰੇ ਵਿਚ ਟੱਕਰਾਂ ਮਾਰਦੀ ਲੋਕਾਈ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਇਕ ਅਗੰਮੀ ਸੁੱਖ-ਚੈਨ ਨਸੀਬ ਹੋਇਆ, ਇਕ ਠੋਸ ਸਹਾਰਾ ਪ੍ਰਾਪਤ ਹੋਇਆ, ਇਕ ਅਨੋਖੀ ਧਰਵਾਸ ਮਿਲੀ। ਇਸੇ ਧਰਵਾਸ ਦਾ ਹੀ ਵਰਨਣ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿਚ ਕੀਤਾ:–

ਸੁਣੀ ਪੁਕਾਰਿ ਦਾਤਾਰ ਪ੍ਰਭੁ
ਗੁਰੁ ਨਾਨਕ ਜਗ ਮਾਹਿ ਪਠਾਇਆ ॥...
ਕਲਿ ਤਾਰਣਿ ਗੁਰੁ ਨਾਨਕੁ ਆਇਆ ॥

ਭਾਈ ਗੁਰਦਾਸ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਆਪਣੀਆਂ ਵਾਰਾਂ ਵਿਚ ਹੋਰ ਫ਼ੁਰਮਾਉਂਦੇ ਹਨ:

ਸਤਿਗੁਰੁ ਨਾਨਕੁ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ
ਤਾਰੇ ਛਪਿ ਅੰਧੇਰੁ ਪਲੋਆ।
ਸਿੰਘੁ ਬੁਕੇ ਮਿਰਗਾਵਲੀ ਭੰਨੀ
ਜਾਇ ਨ ਧੀਰਿ ਧਰੋਆ।
ਜਿਥੇ ਬਾਬਾ ਪੈਰੁ ਧਰਿ ਪੂਜਾ
ਆਸਣੁ ਥਾਪਣਿ ਸੋਆ।
ਸਿਧ ਆਸਣਿ ਸਭਿ ਜਗਤਿ ਦੇ
ਨਾਨਕ ਆਦਿ ਮਤੇ ਜੇ ਕੋਆ।
ਘਰਿ ਘਰਿ ਅੰਦਰਿ ਧਰਮਸਾਲ ਹੋਵੈ
ਕੀਰਤਨੁ ਸਦਾ ਵਿਸੋਆ।
ਬਾਬੇ ਤਾਰੇ ਚਾਰਿ ਚਕਿ ਨਉ
ਖੰਡਿ ਪ੍ਰਿਥਵੀ ਸਚਾ ਢੋਆ।
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ ॥

ਗੁਰੂ ਪਾਤਸ਼ਾਹ ਜੀ ਦਾ ਆਗਮਨ ਸੰਨ 1469 ਈ: ਨੂੰ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਪਿਤਾ ਮਹਿਤਾ ਕਾਲੂ (ਕਲਿਆਣ ਦਾਸ) ਜੀ ਦੇ ਗ੍ਰਹਿ ਵਿਖੇ ਹੋਇਆ। ਜਿਥੇ ਪੰਜਾਬੀ ਕਵੀਆਂ ਨੇ ਗੁਰੂ ਸਾਹਿਬ ਜੀ ਦੇ ਪ੍ਰਕਾਸ਼ 'ਤੇ ਬਹੁਤ ਖੁਸ਼ੀ ਭਰੇ ਸ਼ਬਦ ਉਚਾਰੇ, ਉਥੇ ਉਰਦੂ ਦੇ ਮਸ਼ਹੂਰ ਕਵੀ ਇਕਬਾਲ ਨੇ ਵੀ ਗੁਰੂ ਸਾਹਿਬ ਬਾਰੇ ਕਿਹਾ:

ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦ-ਏ-ਕਾਮਿਲ ਨੇ ਜਗਾਇਆ ਖਾਬ ਸੇ।

ਸਿੱਖ ਇਤਿਹਾਸ ਦਾ ਮੂਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਗੰਮੀ ਪ੍ਰਕਾਸ਼ ਦੀਆਂ ਪਹਿਲ-ਪਲੇਠੀਆਂ ਕਿਰਨਾਂ ਨੂੰ ਆਪਣੇ ਪਿੰਡੇ ਪੁਰ ਮਾਨਣ ਦੇ ਨਿੱਘੇ ਸੁਖਦਾਇਕ ਅਨੁਭਵ ਨਾਲ ਭਰਿਆ ਹੋਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਭਾਰਤ ਸਮੇਤ ਪੂਰੇ ਵਿਸ਼ਵ ਦੇ ਧਾਰਮਿਕ ਇਤਿਹਾਸ ਅੰਦਰ ਇਕ ਕ੍ਰਾਂਤੀਕਾਰੀ ਚਿਣਗ ਪੈਦਾ ਹੋਈ, ਜੋ ਧਾਰਮਿਕ ਫਲਸਫੇ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕਰਕੇ ਮਾਨਵਤਾ ਦੇ ਹਮਦਰਦ ਵਜੋਂ ਸਿਖਰਲੀ ਆਵਾਜ਼ ਬਣੀ। ਪਹਿਲੇ ਪਾਤਸ਼ਾਹ ਜੀ ਜਗਤ ਗੁਰੂ ਹਨ। ਉਹ ਸਮੂਹ ਦੁਨੀਆ ਵਿਚ ਕੂੜ-ਕੁਸੱਤ ਦੀਆਂ ਤਾਕਤਾਂ ਨੂੰ ਪਛਾੜਨ ਅਤੇ ਸੱਚ ਧਰਮ ਦੀਆਂ ਸ਼ਕਤੀਆਂ ਨੂੰ ਅਲੋਪ ਹੋਣ ਤੋਂ ਬਚਾਉਣ ਹਿਤ ਅਕਾਲ ਪੁਰਖ ਦੇ ਭੇਜੇ ਹੋਏ ਆਏ ਸਨ। ਅੱਜ ਸਮੂਹ ਦੁਨੀਆ ਵਿਚ ਸੱਚ ਧਰਮ ਦਾ ਜਿੰਨਾ ਕੁ ਹਿੱਸਾ ਬਚਿਆ ਹੋਇਆ ਨਜ਼ਰ ਆਉਂਦਾ ਹੈ ਇਸ ਵਿਚ ਸਭ ਤੋਂ ਵੱਧ ਹਿੱਸਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਹੈ। ਇਹ ਅਗੰਮੀ ਹੌਸਲਾ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਦੇ ਦਰੋਂ-ਘਰੋਂ ਬਖਸ਼ਿਆ ਹੋਇਆ ਸੀ ਜਿਸ ਸਦਕਾ ਆਪ ਨੇ ਆਪਣੇ ਸਮੇਂ ਦੀ ਨਿੱਘਰ ਚੁੱਕੀ ਵਿਵਸਥਾ ਨੂੰ ਵੰਗਾਰਨ ਦੀ ਪਹਿਲ-ਕਦਮੀ ਕੀਤੀ, ਨਹੀਂ ਤਾਂ ਲੰਮੇ ਸਮੇਂ ਤੋਂ ਲੋਧੀ ਹਾਕਮ ਤੇ ਉਨ੍ਹਾਂ ਦਾ ਪ੍ਰਬੰਧਕੀ ਲਾਣਾ ਤਾਂ ਸ਼ੀਹਾਂ ਤੇ ਕੁੱਤਿਆਂ ਵਾਲਾ ਕਰਮ ਨਿਭਾਅ ਰਿਹਾ ਸੀ, ਜਿਸ ਵਿਰੁੱਧ ਆਵਾਜ਼ ਉਠਾਉਣ ਦਾ ਨਾ-ਮਾਤਰ ਹੌਂਸਲਾ ਕਿਸੇ ਭਾਰਤ-ਵਾਸੀ ਵਿਚ ਨਹੀਂ ਸੀ। ਇਹ ਉਹ ਵਿਵਸਥਾ ਸੀ ਜਿਸ ਵਿਚ ਸਮਾਜ ਨੂੰ ਸਿੱਖਿਅਤ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਉਠਾਉਣ ਦਾ ਦਾਅਵਾ ਕਰਨ ਵਾਲੀ ਧਾਰਮਿਕ ਸ਼੍ਰੇਣੀ ਹੀ ਮਨੁੱਖਤਾ ਦਾ ਸ਼ੋਸ਼ਣ ਕਰ ਰਹੀ ਸੀ। ਉਹ ਲੋਕਾਂ ਨੂੰ ਗਿਆਨ ਦੀ ਉੱਚਾਈ ਵੱਲ ਲੈ ਜਾਣ ਦੀ ਬਜਾਇ ਇਸ ਨੂੰ ਅਗਿਆਨਤਾ ਦੀ ਅਤਿਅੰਤ ਡੂੰਘੀ ਖਾਈ ਵਿਚ ਸੁੱਟ ਰਹੀ ਸੀ। ਇਸ ਵਿਵਸਥਾ ਵਿਚ ਨਿਆਂਕਾਰ ਦੀ ਕੁਰਸੀ ਮੱਲੀ ਬੈਠੇ ਮੂਲੋਂ ਹੀ ਅਨਿਆਂ, ਧੱਕਾ ਤੇ ਸੀਨਾਜ਼ੋਰੀ ਕਰਨ ਵਾਲੇ ਅਤੇ ਅਪਰਾਧੀ ਦੀ ਭੂਮਿਕਾ ਵਿਚ ਨਜ਼ਰ ਆ ਰਹੇ ਸਨ। ਇਸ ਕੂੜ-ਕੁਸੱਤ ਭਰਪੂਰ ਵਿਵਸਥਾ ਨੂੰ ਗੁਰੂ-ਪਾਤਸ਼ਾਹ ਨੇ ਆਪਣੇ ਸਮਕਾਲ ਵਿਚ ਵਕਤ ਦੇ ਹਾਲਾਤ ਦੇ ਮੱਦੇਨਜ਼ਰ ਇਸ ਮਨੋਰਥ ਹਿਤ ਉਨ੍ਹਾਂ ਨੇ ਆਪਣੀ ਅਗੰਮੀ ਪ੍ਰਤਿਭਾ, ਆਪਣੀ ਵਿਲੱਖਣ ਤੇ ਸਮਾਜਿਕ ਸ਼ਖ਼ਸੀਅਤ ਤੇ ਦ੍ਰਿੜ੍ਹਤਾ ਸਹਿਤ ਖ਼ਤਮ ਕਰਨ ਦੇ ਯਤਨ ਕੀਤੇ ਤੇ ਸਰਬ ਲੋਕਾਈ ਨੂੰ ਸਿੱਧੇ ਰਸਤੇ ਪਾਇਆ। ਦੁਨੀਆ ਦਾ ਚੱਪਾ-ਚੱਪਾ ਗੁਰੂ ਪਾਤਸ਼ਾਹ ਦੇ ਸੰਕਲਪੀ ਕਦਮਾਂ ਦੀ ਛੋਹ ਵਿਚ ਸਰਸ਼ਾਰ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੁਨੀਆ ਵਿਚ ਸੱਚ ਪਾਸਾਰ ਦੀ ਮੁਹਿੰਮ ਨੂੰ ਆਪਣੇ ਬਾਲਪਨ ਦੀ ਅਵਸਥਾ ਵਿਚ ਹੀ ਸ਼ੁਰੂ ਕਰ ਦਿੱਤਾ ਸੀ। ਆਪ ਨੇ ਆਪਣੇ ਮਿਸ਼ਨ ਸੰਬੰਧੀ ਡੂੰਘੀ ਸੋਚ-ਵਿਚਾਰ ਉਮਰ ਦੀ ਪਹਿਲ ਪ੍ਰਭਾਤੇ ਹੀ ਆਪਣੀ ਯਾਤਰਾ ਵਿੱਢ ਲਈ ਸੀ। ਗੁਰੂ ਜੀ ਨੇ ਪਾਠਸ਼ਾਲਾਈ ਵਿੱਦਿਆ ਨੂੰ ਬੜੀ ਛੇਤੀ ਸੰਪੂਰਨ ਕਰਕੇ ਵੱਖ-ਵੱਖ ਧਰਮ ਗ੍ਰੰਥਾਂ ਦਾ ਡੂੰਘਾ ਅਧਿਐਨ ਕੀਤਾ। ਉਦਾਸੀਆਂ/ਪ੍ਰਚਾਰ ਯਾਤਰਾਵਾਂ ਸਮੇਂ ਗੁਰੂ ਜੀ ਪਾਸ ਇਹ ਮੁੱਢਲੀ ਅਥਾਹ ਘਾਲਣਾ ਕਮਾਈ ਸੀ। ਗੁਰੂ ਜੀ ਨੇ ਭਾਵੇਂ ਕੋਈ ਵੀ ਦੁਨਿਆਵੀ ਕਾਰ ਵਿਹਾਰ ਕੀਤਾ; ਸੱਚ-ਗਿਆਨ ਦੀ ਉਨ੍ਹਾਂ ਦੀ ਤਲਾਸ਼ ਹਮੇਸ਼ਾ ਜਾਰੀ ਰਹੀ। ਉਨ੍ਹਾਂ ਦਾ ਚਿੰਤਨ ਚਲਦਾ ਰਿਹਾ। ਸੁਲਤਾਨਪੁਰ ਲੋਧੀ ਨਿਵਾਸ ਸਮੇਂ ਇਹ ਚਿੰਤਨ ਨਿਸ਼ਚੇ ਹੀ ਵਧੇਰੇ ਗੁਰੂ-ਰੂਪ ਵਿਚ ਹੋਇਆ। ਤਿੰਨ ਦਿਨ ਦਾ ਇਕਾਂਤਵਾਸ ਤਾਂ ਇਸ ਚਿੰਤਨ ਦਾ ਸਿਖਰਲਾ ਪੜਾਅ ਮਾਤਰ ਕਿਹਾ ਜਾ ਸਕਦਾ ਹੈ। ਸੋ ਸਮੁੱਚਾ ਗੁਰੂ ਜੀਵਨ ਬ੍ਰਿਤਾਂਤ ਹੀ ਸੱਚ ਪਸਾਰ ਹਿਤ ਹੀ ਉਨ੍ਹਾਂ ਦੀ ਕਰੜੀ ਘਾਲ ਕਮਾਈ ਦਾ ਅਦੁੱਤੀ ਨਮੂਨਾ ਕਿਹਾ ਜਾ ਸਕਦਾ ਹੈ।

ਆਪਣੀਆਂ ਸੱਚ ਧਰਮ ਦੇ ਪ੍ਰਚਾਰ ਪ੍ਰਸਾਰ ਹਿਤ ਕੀਤੀਆਂ ਲੰਮੀਆਂ ਯਾਤਰਾਵਾਂ ਦੌਰਾਨ ਗੁਰੂ ਸਾਹਿਬ ਜੀ ਬੇਸ਼ੁਮਾਰ ਥਾਵਾਂ 'ਤੇ ਗਏ। ਆਪ ਦੇਸ਼ ਦੀਆਂ ਹੱਦਾਂ ਨੂੰ ਪਾਰ ਕਰਦੇ ਹੋਏ ਪੱਛਮੀ ਏਸ਼ੀਆ ਦੇ ਕਈ ਮੁਸਲਮਾਨੀ ਦੇਸ਼ਾਂ ਸਮੇਤ ਹਿੰਦੁਸਤਾਨ ਦੇ ਸਾਰੇ ਪਾਸੇ ਸਥਿਤ ਕਈ ਦੇਸ਼ਾਂ ਵਿਚ ਗਏ। ਆਪ ਜੀ ਨੇ ਇਨ੍ਹਾਂ ਸਾਰੀਆਂ ਯਾਤਰਾਵਾਂ ਦੌਰਾਨ ਸਮਾਜ ਦੇ ਹਰ ਵਰਗ ਨਾਲ ਨੇੜੇ ਦਾ ਸੰਬੰਧ ਕਾਇਮ ਕੀਤਾ। ਆਪ ਨੇ ਵੱਖ-ਵੱਖ ਮੱਤਾਂ-ਮਤਾਂਤਰਾਂ ਦੇ ਨੁਮਾਇੰਦਿਆਂ ਨਾਲ ਭੇਟਾ ਮੁਲਾਕਾਤਾਂ ਤੇ ਗਿਆਨ ਗੋਸ਼ਟੀਆਂ ਰਚਾਉਂਦਿਆਂ ਹੋਇਆ ਸੱਚ ਗਿਆਨ ਤੋਂ ਉਨ੍ਹਾਂ ਦੀ ਦੂਰੀ ਤੇ ਭਟਕਾਵ ਦਾ ਅਹਿਸਾਸ ਕਰਵਾਇਆ ਅਤੇ ਸੱਚ ਧਰਮ ਦੀ ਸੋਝੀ ਕਰਵਾਈ। ਬਲੀ ਕੰਧਾਰੀ ਜਿਹੇ ਗੁਮਾਨ ਭਰਿਆਂ ਨੂੰ ਲੋਕ ਸੇਵਾ ਦਾ ਮਨੁੱਖਤਾਵਾਦੀ ਮਾਰਗ ਅਤੇ ਅਕਾਲ ਪੁਰਖ ਵਾਹਿਗੁਰੂ ਦੀ ਸੱਚੀ ਉਪਮਾ ਗਾਇਨ ਕਰਨ ਦਾ ਗੁਰ ਬਖਸ਼ਿਸ਼ ਕੀਤਾ।

ਗੁਰੂ ਜੀ ਦੀ ਜੀਵਨ ਘਾਲਣਾ ਸਦਕਾ ਕੂੜ ਦੀਆਂ ਤਾਕਤਾਂ ਨੂੰ ਕਾਫੀ ਪਛਾੜ ਵੱਜੀ। ਲੋਕਾਂ ਵਿਚ ਹਾਕਮਾਂ ਦੇ ਜ਼ੁਲਮਾਂ ਵਿਰੁੱਧ ਡਟਣ ਦਾ ਸਾਹਸ ਉਤਪੰਨ ਹੋਇਆ। ਗੁਰੂ ਜੀ ਨੇ ਸੱਚ ਦੀ ਜੋਤ ਨਿਰੰਤਰ ਜਗਦੀ ਰੱਖਣ ਦੀ ਵਿਉਂਤਬੰਦੀ ਕਰਦਿਆਂ ਆਪਣੇ ਸੱਚ ਮਿਸ਼ਨ ਦੀ ਜ਼ਿੰਮੇਵਾਰੀ ਆਪਣੇ ਯੋਗ ਸਿੱਖ (ਭਾਈ ਲਹਿਣਾ ਜੀ) ਨੂੰ ਜਾਂਚ ਪਰਖ ਕੇ ਸੌਂਪੀ ਅਤੇ ਫਿਰ ਵਾਰੀ-ਵਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਗੁਰੂ-ਜੋਤ ਸੱਚ ਦੀ ਗੂੰਜ ਗਜਾਉਂਦੀ ਰਹੀ ਅਤੇ ਵਕਤ ਦੀਆਂ ਵੰਗਾਰਾਂ ਨੂੰ ਕਬੂਲ ਕਰਕੇ ਕੁਰਬਾਨੀਆਂ ਦੀਆਂ ਪੈੜਾਂ ਵੀ ਪਾਉਂਦੀ ਰਹੀ। ਦਸ ਗੁਰੂ ਸਾਹਿਬਾਨ ਦੀ ਜਾਗਤ ਜੋਤਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਜ ਸਮੂਹ ਸਿੱਖ ਪੰਥ ਨੂੰ ਹੀ ਨਹੀਂ ਬਲਕਿ ਸਮੂਹ ਮਾਨਵਤਾ ਨੂੰ ਬਿਨਾਂ ਜਾਤ, ਰੰਗ, ਨਸਲ ਦੇ ਭਿੰਨ ਭੇਦ ਦੇ ਜੀਵਨ ਦਾ ਸੱਚ ਮਾਰਗ ਦਰਸਾਉਣ ਲਈ ਮੌਜੂਦ ਹੈ। ਗੁਰੂ ਪਾਤਸ਼ਾਹ ਜੀ ਦਾ ਪ੍ਰਕਾਸ਼ ਪੁਰਬ ਮਨਾਉਂਦਿਆਂ ਗੁਰਮਤਿ ਸਮਾਗਮ ਅਤੇ ਵਿਚਾਰ ਗੋਸ਼ਟੀਆਂ ਹੋਣੀਆਂ ਚਾਹੀਦੀਆਂ ਹਨ। ਅੱਜ ਗੁਰੂ ਜੀ ਦੇ ਸੱਚ ਮੁਖੀ ਜੀਵਨ ਨੂੰ ਸਮਝਣ ਤੇ ਦ੍ਰਿੜ੍ਹ ਕਰਨ ਦੀ ਲੋੜ ਹੈ। ਜਿਸ ਨੂੰ ਲੋਕਾਈ ਤਕ ਪੁੱਜਦਾ ਕਰਨ ਹਿਤ ਸੁਹਿਰਦ ਯਤਨ ਹੋਣੇ ਚਾਹੀਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਦਰਸਾਈ ਗੁਰਮਤਿ ਜੀਵਨ ਜਾਚ ਨੂੰ ਅਮਲੀ ਰੂਪ ਵਿਚ ਅਪਣਾਉਂਦਿਆਂ ਹੀ ਪ੍ਰਕਾਸ਼ ਪੁਰਬ ਮਨਾਉਣਾ ਗੁਰੂ ਸਾਹਿਬ ਪ੍ਰਤੀ ਸੱਚੀ ਸ਼ਰਧਾ ਦਾ ਪ੍ਰਤੀਕ ਹੋਵੇਗੀ।

SUNNY SANGHA • PERSONAL REAL ESTATE CORPORATION

**14317 31A AVENUE, SURREY**




Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

**#92 15111 EDMUND DRIVE**




Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

**UNIT 2808 13615 FRASER HWY**




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

**LOT B 20444 46A AVENUE, LANGLEY**




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

**LOT A 33734 MAYFAIR AVENUE, SURREY**

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
604-356-5555

SUNNY SANGHA

CENTURY 21

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com

# ਜਸਰਾਜ ਸਿੰਘ ਹੱਲਣ ਵਲੋਂ ਘੁਟਾਲਿਆਂ ਤੇ ਅਸਫਲ ਪ੍ਰੋਗਰਾਮਾਂ ਨੂੰ ਲੈ ਕੇ ਟਰੂਡੋ ਸਰਕਾਰ ਦੀ ਆਲੋਚਨਾ



ਓਟਵਾ-ਕੰਸਰਵੇਟਿਵ ਐਮਪੀ ਜਸਰਾਜ ਸਿੰਘ ਹੱਲਣ ਨੇ ਹਾਊਸ ਆਫ ਕਾਮਨਜ਼ ਦੀ ਸਪੀਕਰ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਘਪਲਿਆਂ ਤੋਂ ਲੈ ਕੇ ਅਸਫਲ ਪ੍ਰੋਗਾਮ ਤੇ ਕੈਨੇਡੀਅਨਾਂ ਦਾ ਪੈਸਾ ਖਰਚ ਕਰਨਾ ਫੈਡਰਲ ਸਰਕਾਰ ਦੇ ਮਹਿੰਗੇ ਗੱਠਜੋੜ ਦਾ ਮਨਪਸੰਦ ਮਨਪ੍ਰਚਾਵਾ ਹੈ। ਕੋਵਿਡ-19 ਮਹਾਂਮਾਰੀ ਵਿਚ ਲਿਬਰਲਜ਼ ਨੇ ਕੈਨੇਡਾ ਦਾ ਕਰਜ਼ੇ ਵਿਚ ਪਹਿਲਾਂ ਹੀ 110 ਅਰਬ ਡਾਲਰ ਜੋੜ ਦਿੱਤੇ ਹਨ। ਸਮੁੱਚੇ ਸਾਰੇ ਵਾਜਬ ਮੈਂਬਰਾਂ ਵਲੋਂ ਇਸ ਸਬੰਧ ਚਿਤਾਵਨੀ ਦੇਣੀ ਚਾਹੀਦੀ ਸੀ ਪਰ ਅਜਿਹਾ ਨਹੀਂ ਕੀਤਾ ਗਿਆ। ਇਸ ਦੀ ਬਜਾਏ ਡਾਲਰ ਛਾਪਣ ਵਾਲੇ ਪਿਛਲੇ ਦੋ ਸਾਲਾਂ ਦੌਰਾਨ ਅੱਧੇ ਟ੍ਰਿਲੀਅਨ ਦੇ ਨਵੇਂ ਕਰਜ਼ੇ ਵੱਲ ਵਧਦੇ ਗਏ ਜਿਸ ਵਿਚੋਂ ਅੱਧੇ ਤੋਂ ਵੀ ਵੱਧ ਖਰਚ ਦਾ ਕੋਵਿਡ ਨਾਲ ਕੋਈ ਲੈਣਾ ਦੇਣਾ ਨਹੀਂ। ਕੁਲ ਮਿਲਾ ਕੇ ਪਿਛਲੇ ਪੰਜ ਸਾਲਾਂ ਵਿਚ ਸਰਕਾਰੀ ਖਰਚਾ 44 ਫ਼ੀਸਦੀ ਵਧ ਗਿਆ ਜਦਕਿ ਪਹਿਲਾਂ ਤੋਂ ਮਹਿੰਗੀ ਨੌਕਰਸ਼ਾਹੀ ਦਾ ਆਕਾਰ ਵਧਦਾ ਜਾ ਰਿਹਾ ਹੈ। ਜਦੋਂ ਕੋਵਿਡ ਪਾਬੰਦੀਆਂ ਦੀ ਗੱਲ ਆਉਂਦੀ ਹੈ ਤਾਂ ਲਿਬਰਲਜ਼ ਨੇ ਅਸਲ ਵਿਗਿਆਨ ਦੀ ਬਜਾਏ ਰਾਜਨੀਤਕ ਵਿਗਿਆਨ ਦੀ ਵਰਤੋਂ ਕਰਦਿਆਂ ਸਾਡੇ ਕਿਸੇ ਹੋਰ ਵੀ ਸਹਿਯੋਗੀ ਨਾਲੋਂ ਆਪਣੇ ਉਪਾਵਾਂ ਨੂੰ ਲੰਬਾ ਖਿੱਚ ਦਿੱਤਾ।



# ਰੌਸ ਕਮੇਟੀ ਚੋਣਾਂ ਵਿਚ ਭਾਈ ਸੰਤੋਖ ਸਿੰਘ ਸੂਰੀ ਦੀ ਸਲੇਟ ਦੀ ਚੜ੍ਹਤ-ਸੰਗਤਾਂ ਨੇ ਵਿਰੋਧੀਆਂ ਦੇ ਇਲਜ਼ਾਮਾਂ ਨੂੰ ਨਕਾਰਿਆ

ਸਰੀ-ਖਾਲਸਾ ਦੀਵਾਨ ਸੋਸਾਇਟੀ ਰੌਸ ਸਟ੍ਰੀਟ ਵੈਨਕੂਵਰ ਗੁਰਦੁਆਰਾ ਸਾਹਿਬ ਦੀ ਕਮੇਟੀ ਚੋਣਾਂ ਜਿਹੜੀਆਂ 5 ਨਵੰਬਰ ਨੂੰ ਹੋ ਰਹੀਆਂ ਹਨ ਵਿਚ ਭਾਈ ਸੰਤੋਖ ਸਿੰਘ ਸੂਰੀ ਦੀ ਸਲੇਟ ਨੂੰ ਸੰਗਤਾਂ ਵੱਲੋਂ ਬਹੁਤ ਸਮਰਥਨ ਮਿਲ ਰਿਹਾ ਹੈ। ਸੰਗਤਾਂ ਨੇ ਭਾਈ ਸੰਤੋਖ ਸਿੰਘ ਦੀ ਸਲੇਟ ਵਿਚ ਖੜੇ ਕੀਤੇ ਸਾਰੇ ਸੇਵਾਦਾਰ ਜਿਹੜੇ ਪਿਛਲੇ ਲੰਮੇ ਸਮੇਂ ਤੋਂ ਵਿਸਾਖੀ ਨਗਰ ਕੀਰਤਨ ਵਿੱਚ ਪੰਜਾਂ ਪਿਆਰਿਆਂ ਦੀ ਸੇਵਾ ਅਤੇ ਗੁਰਦੁਆਰਾ ਸਾਹਿਬ ਵਿੱਚ ਲੰਗਰਾਂ ਵਿੱਚ ਲੰਗਰ ਬਣਾਉਣ ਦੀ ਸੇਵਾ ਅਤੇ ਭਾਈ ਸੰਤੋਖ ਸਿੰਘ ਜੋ ਗੁਰਦੁਆਰਾ ਸਾਹਿਬ ਦੀ ਰੈਨੋਵੇਸ਼ਨ ਹੋਈ ਹੈ। ਉਸ ਵਿੱਚ ਟੀਮ ਸੇਵਾ ਦੇ ਸੇਵਾਦਾਰ ਮੈਂਬਰ ਵੱਜੋਂ ਸੇਵਾ ਕਰਦੇ ਆ ਰਹੇ ਹਨ ਅਤੇ ਸਾਰੇ ਮੈਂਬਰਾਂ ਨੇ ਰੈਨੋਵੇਸ਼ਨ ਵਿੱਚ ਸੇਵਾ ਵਿੱਚ ਤਨ, ਮਨ, ਧਨ ਨਾਲ ਵੱਧ ਚੜ੍ਹ ਕੇ ਸੇਵਾ ਕੀਤੀ ਹੈ ਭਾਈ ਸੰਤੋਖ ਸਿੰਘ ਸੂਰੀ ਦੀ ਸਲੇਟ ਨੇ ਸੰਗਤਾਂ ਨੂੰ ਲਿਖਤੀ ਅਤੇ ਵਿਸ਼ਵਾਸ ਨਾਲ ਭਰੋਸੇ ਵਿੱਚ ਲਿਆ ਕਿ ਸਾਡੇ ਬਜ਼ੁਰਗਾਂ ਵੱਲੋਂ ਲੰਗਰ ਹਾਲ ਵਿਚ ਚਲਾਈ ਮੇਜ਼ ਕੁਰਸੀਆਂ ਦੀ ਸੇਵਾ ਜਿਵੇਂ ਚੱਲਦੀ ਹੈ ਉਸੇ ਤਰ੍ਹਾਂ ਕਾਇਮ ਰੱਖੀ ਜਾਵੇਗੀ। ਅਸੀਂ ਪਿਛਲੇ 40 ਸਾਲਾਂ ਤੋਂ ਇੱਥੇ ਸੇਵਾ ਕਰਦੇ ਆ ਰਹੇ ਹਾਂ। ਸੰਗਤਾਂ ਨਾਲ ਹਮੇਸ਼ਾਂ ਖੜ੍ਹੇ ਹਾਂ। ਅਸੀ ਖਾਲਸਾ ਦੀਵਾਨ ਸੁਸਾਇਟੀ ਨੂੰ ਹੋਰ ਬੁਲੰਦੀਆਂ ਤੇ ਲਿਜਾਣਾ ਚਾਹੁੰਦੇ ਹਾਂ। ਸਾਡਾ ਮੈਨੀਫੈਸਟੋ ਸੰਗਤਾਂ ਇਕਰਾਰਨਾਮਾ ਸਮਝਣ ਅਤੇ ਇਸ ਨੂੰ ਸੰਭਾਲ ਕੇ ਰੱਖਣ ਅਸੀਂ ਇਸ ਦੇ ਇੱਕ ਇੱਕ ਅੱਖਰ ਨੂੰ ਪੂਰਾ ਕਰਾਂਗੇ, ਸੰਤਾ ਇੱਕ ਮੌਕਾ ਦੇ ਵਿਰੋਧੀ ਧਿਰ ਜਿਹੜੀ ਪਿਛਲੇ ਪੱਚੀ ਸਾਲਾਂ ਤੋਂ ਕਾਬਜ਼ ਹੈ। ਜਿਨ੍ਹਾਂ ਪੱਚੀ ਸਾਲਾਂ ਤੋਂ ਕੁਝ ਨਹੀਂ ਕੀਤਾ ਹੁਣ ਕੀ ਕਰਨਗੇ। ਉਹ ਪੰਜ ਸੱਤ ਬੰਦੇ ਵਾਰ ਵਾਰ ਦੇ ਪ੍ਰਧਾਨ ਅਤੇ ਸੈਕਟਰੀ ਆ ਰਹੇ ਹਨ। ਤਿੰਨ ਚਾਰ ਪਰਿਵਾਰਾਂ ਵਿੱਚ ਖ਼ਾਲਸਾ ਦੀਵਾਨ ਸੁਸਾਇਟੀ ਸਿਮਟ ਕੇ ਰਹਿ ਗਈ ਹੈ ਜਿਸ ਦਾ ਇਨ੍ਹਾਂ ਕੋਲ ਜਵਾਬ ਨਹੀਂ। ਜਿਸ ਕਰ ਕੇ ਇਹ ਬੁਖਲਾਏ ਹੋਏ ਭਾਈ ਸੰਤੋਖ ਸਿੰਘ ਸਲੇਟ ਤੇ ਬੇਮਾਅਨੇ ਇਲਜ਼ਾਮ ਲਗਾਉਂਦੇ ਹਨ। ਜਿਸ ਦਾ ਕੋਈ ਅਧਾਰ ਨਹੀਂ ਸਭ ਸੰਗਤਾਂ ਹੈਰਾਨ ਹਨ ਕਿ ਕਿਵੇਂ ਇਹਨਾਂ ਵਿੱਚ ਕੁਰਸੀ ਦੀ ਭੁੱਖ ਹੈ। ਜਿਨ੍ਹਾਂ ਦਾ ਪੱਚੀ ਸਾਲ ਵਿੱਚ ਰੱਜ ਨਹੀਂ ਆਇਆ। ਸੰਗਤਾਂ ਨੇ ਆਪਣਾ ਹੁਣ ਮਨ ਇਕ ਵਾਰ ਤਬਦੀਲੀ ਲਿਆਉਣ ਦਾ ਬਣਾ ਲਿਆ ਹੈ। ਸੰਗਤਾਂ ਵੀ ਸਾਡੇ ਬਜ਼ੁਰਗਾਂ ਵੱਲੋਂ ਬਣਾਈ ਸੰਸਥਾ ਦੀ ਤਰੱਕੀ ਲੋਚਦੀਆਂ ਹਨ। ਜਿਨ੍ਹਾਂ ਭਾਈ ਸੰਤੋਖ ਸਿੰਘ ਸੂਰੀ ਦੀ ਸਾਰੀ ਦੀ ਸਾਰੀ ਸਲੇਟ ਨੂੰ ਇਸ ਵਾਰ 5 ਨਵੰਬਰ ਨੂੰ ਵੋਟ ਪਾ ਕੇ ਸੇਵਾ ਦਾ ਮੌਕਾ ਦੇਣਾ ਆਪਣੀ ਜ਼ੁੰਮੇਵਾਰੀ ਸਮਝ ਲਿਆ ਹੈ। ਸੰਗਤਾਂ ਵਿੱਚ ਇਹ ਉਤਸ਼ਾਹ ਠਾਠਾਂ ਮਾਰਦਾ ਦਿਖਾਈ ਦੇ ਰਿਹਾ ਹੈ।

## ਔਰਤ ਦੀ ਗ੍ਰਿਫ਼ਤਾਰੀ ਦੌਰਾਨ ਟੇਜ਼ਰ ਦੀ ਵਰਤੋਂ ਨੂੰ ਟਰਾਂਜ਼ਿਟ ਪੁਲਿਸ ਨੇ ਸਹੀ ਕਿਹਾ

ਵੈਨਕੂਵਰ-ਇਕ ਔਰਤ ਦੀ ਗ੍ਰਿਫ਼ਤਾਰੀ ਪਿੱਛੋਂ ਟਰਾਂਜ਼ਿਟ ਪੁਲਿਸ ਜਾਂਚ ਦੇ ਘੇਰੇ ਵਿਚ ਆ ਗਈ ਹੈ। ਗ੍ਰਿਫਤਾਰੀ ਦੀ ਘਟਨਾ ਵੀਡੀਓ ਵਿਚ ਕੈਦ ਹੋ ਗਈ ਜਿਸ ਵਿਚ ਦੋ ਅਫਸਰ ਗ੍ਰੈਨਵਿਲ ਸਕਾਈ ਟਰੇਨ ਸਟੇਸ਼ਨ ਵਿਖੇ ਇਕ ਔਰਤ ਖਿਲਾਫ ਟੇਜ਼ਰ ਦੀ ਵਰਤੋਂ ਕਰਦੇ ਦਿਸ ਰਹੇ ਹਨ। ਵੀਰਵਾਰ ਫੁੱਟੇਜ ਆਨਲਾਈਨ ਸਾਹਮਣੇ ਆਉਣ ਪਿੱਛੋਂ ਹਥਿਆਰ ਦੀ ਵਰਤੋਂ ਲਈ ਜਵਾਬਦੇਹੀ ਵਧਾਉਣ ਦਾ ਸੱਦਾ ਦਿੱਤਾ ਗਿਆ ਹੈ। ਮੈਟਰੋ ਵੈਨਕੂਵਰ ਟਰਾਂਜ਼ਿਟ ਪੁਲਿਸ ਦਾ ਕਹਿਣਾ ਕਿ ਉਨ੍ਹਾਂ ਦੇ ਅਫਸਰਾਂ ਨੇ ਤਾਕਤ ਦੀ ਵਰਤੋਂ ਕੀਤੀ ਹੈ ਕਿਉਂਕਿ ਇਸ ਦੀ ਲੋੜ ਸੀ। ਟਰਾਂਜ਼ਿਟ ਪੁਲਿਸ ਨੇ ਦੱਸਿਆ ਕਿ ਅਫਸਰਾਂ ਨੇ ਔਰਤ ਨੂੰ ਆਪਣੇ ਆਪ ਤੇ ਹੋਰਨਾਂ ਨੂੰ ਨੁਕਸਾਨ ਪਹੁੰਚਾਉਣ ਤੋਂ ਰੋਕਣ ਲਈ ਟੇਜ਼ਰ ਸਮੇਤ ਸਰੀਰਕ ਤਾਕਤ ਦੀ ਵਰਤੋਂ ਕੀਤੀ ਸੀ। ਕੰਸਟੇਬਲ ਅਮੰਡਾ ਸਟੀਡ ਨੇ ਦੱਸਿਆ ਕਿ ਔਰਤ ਮਾਨਸਿਕ ਸਿਹਤ ਸੰਕਟ ਤੋਂ ਪੀੜਤ ਸੀ ਅਤੇ ਦੂਸਰੇ ਸਕਾਈ ਟਰੇਨ ਯਾਤਰੀਆਂ ਨੂੰ ਧਮਕਾ ਰਹੀ ਸੀ। ਕਈ ਲੋਕਾਂ ਨੇ ਫੋਨ ਕਰਕੇ ਦੱਸਿਆ ਕਿ ਔਰਤ ਦੂਸਰੇ ਯਾਤਰੀਆਂ ਦਾ ਪਿੱਛਾ ਕਰ ਰਹੀ ਹੈ, ਆਪ ਮੁਹਾਰਾ ਚੀਕ ਰਹੀ ਸੀ ਅਤੇ ਆਪਣੇ ਕੱਪੜੇ ਉਤਾਰ ਰਹੀ ਸੀ।

## ਆਰ ਸੀ ਐਮ ਪੀ ਕੰਸਟੇਬਲ ਸ਼ੈਲੀਨ ਯਾਂਗ ਦਾ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ

ਵੈਨਕੂਵਰ-31 ਸਾਲ ਮਾਨਸਿਕ ਸਿਹਤ ਅਤੇ ਬੇਘਰ ਆਊਟਰੀਚ ਅਫਸਰ ਸ਼ੈਲੀਨ ਯਾਂਗ ਦਾ ਰਿਚਮੰਡ ਵਿਚ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਦੋ ਹਫ਼ਤੇ ਪਹਿਲਾਂ ਉਸ ਦੀ ਇਕ ਵਿਅਕਤੀ ਵਲੋਂ ਚਾਕੂ ਨਾਲ ਕੀਤੇ ਹਮਲੇ ਵਿਚ ਮੌਤ ਹੋ ਗਈ ਸੀ ਜਿਸ ਨੂੰ ਉਹ ਤੇ ਬਰਨਬੀ ਸ਼ਹਿਰ ਦਾ ਇਕ ਮੁਲਾਜ਼ਮ ਬੇਦਖਲੀ ਨੋਟਿਸ ਜਾਰੀ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਜਿਹੜਾ ਸਥਾਨਕ ਪਾਰਕ ਵਿਚ ਇਕ ਤੰਬੂ ਵਿਚ ਰਹਿ ਰਿਹਾ ਸੀ। ਜੋਂਗਵਨ ਹੈਮ 'ਤੇ ਯਾਂਗ ਦੀ ਮੌਤ ਲਈ ਫਸਟ ਡਿਗਰੀ ਕਤਲ ਦਾ ਦੋਸ਼ ਲਗਾਇਆ ਗਿਆ ਹੈ ਅਤੇ ਉਸ ਨੂੰ ਵੈਨਕੂਵਰ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ।

## ਐਡਮਿੰਟਨ ਵਿਚ ਪਹਿਲੇ ਬਰਫੀਲੇ ਤੂਫਾਨ ਕਾਰਣ 350 ਤੋਂ ਵੱਧ ਹਾਦਸੇ ਵਾਪਰੇ

ਐਡਮਿੰਟਨ-ਪੁਲਿਸ ਨੇ ਦੱਸਿਆ ਕਿ ਸ਼ਹਿਰ ਵਿਚ ਕੋਲੀਜਨ ਰਿਪੋਰਟਿੰਗ ਸੈਂਟਰਾਂ ਵਿਚ 383 ਵਿਅਕਤੀਆਂ ਨੇ ਹਾਦਸੇ ਹੋਣ ਦੀ ਜਾਣਕਾਰੀ ਦਿੱਤੀ ਹੈ। ਬੁੱਧਵਾਰ ਸਵੇਰੇ 8 ਵਜੇ ਤੋਂ ਸ਼ਾਮ ਪੰਜ ਵਜੇ ਤਕ ਸਾਊਥ ਕੋਲੀਜਨ ਰਿਪੋਰਟਿੰਗ ਸੈਂਟਰ ਵਿਚ ਕੁਲ 177 ਤੇ ਉੱਤਰੀ ਕੋਲੀਜਨ ਰਿਪੋਰਟਿੰਗ ਸੈਂਟਰ ਵਿਚ 206 ਵਿਅਕਤੀਆਂ ਨੇ ਹਾਦਸੇ ਹੋਣ ਦੀ ਜਾਣਕਾਰੀ ਦਿੱਤੀ ਹੈ। ਇਸ ਤਰ੍ਹਾਂ ਕੁਲ 383 ਹਾਦਸੇ ਹੋਏ ਹਨ। ਇਕ ਰਿਲੀਜ਼ ਵਿਚ ਈਪੀਐਸ ਟਰੈਫਿਕ ਸੇਫਟੀ ਯੂਨਿਟ ਦੇ ਸਾਰਜੈਂਟ ਕੇਰੀ ਬੈਟਸ ਨੇ ਕਿਹਾ ਕਿ ਸਰਦੀਆਂ ਆ ਗਈਆਂ ਹਨ ਜਿਸ ਕਾਰਨ ਸਾਨੂੰ ਆਪਣੀਆਂ ਡਰਾਈਵਿੰਗ ਕਰਨ ਦੀਆਂ ਆਦਤਾਂ ਸਮੇਂ ਮੁਤਾਬਿਕ ਢਾਲਣ ਦੀ ਲੋੜ ਹੈ। ਹੁਣ ਸਮਾਂ ਹੈ ਕਿ ਐਡਮਿੰਟਨ ਦੇ ਡਰਾਈਵਰ ਸੜਕਾਂ ਦੀ ਹਾਲਤ ਮੁਤਾਬਿਕ ਆਪਣੀ ਡਰਾਇਵਿੰਗ ਕਰਨ ਦੀ ਮਾਨਸਿਕਤਾ ਢਾਲ ਲੈਣ। ਬਿਨ੍ਹਾਂ ਸ਼ੱਕ ਆਉਣ ਵਾਲੇ ਦਿਨ ਤੇ ਹਫ਼ਤੇ ਜ਼ਿਆਦਾ ਚੁਣੌਤੀਪੂਰਨ ਹੋਣਗੇ।




ਸਪੈਸ਼ਲ ਸੇਲ!
www.dream-carpets.com
dream
carpets
Shaw
FLOORS
Ansonylon
STAINMASTER
CARPET
ClearTouch
from
$1 98
SF
Berber
Installed
Textured Saxony
Installed
from
$2 28
SF
Laminate Floor
8.3mm thick
25 years warranty
Click Do It Yourself
German technology
.99
cent
Commercial Carpet
Starts From
.78
cent
Berber
Starts From
.78
cent
Area Rug (5x8)
Starts From
$68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

1530 ਮਾਸ-ਪਿੰਜਰੇ ਰੱਖ ਸ਼ਿਕਾਰੀਆਂ ਨੇ, ਫਾ ਲਿਆ ਬੱਬਰ ਸ਼ੇਰ ਵੇਖੋ।
ਜਿਸ ਵੱਢ ਕੇ ਤੁਰਕ ਮੁਕਾਅ ਦਿੱਤੇ, ਕਾਬੂ ਕਰ ਲਿਆ ਲਾਈ ਨਾ ਦੇਰ ਵੇਖੋ।
ਬੋਲੀ ਬੋਲਦਾ ਲੇਲ੍ਹਿਆਂ-ਛੇਲਿਆਂ ਦੀ, ਸੀਂਹ ਬੁੱਕਿਆ ਮੁੜ ਨਾ ਫੇਰ ਵੇਖੋ।
ਹਰਚੰਦ ਸਿੰਘਾ ਬੇਰੀ ਨੂੰ ਲਾ ਪੌੜੀ, ਤੋੜ ਲਿਆ ਟੀਸੀ ਦਾ ਬੇਰ ਵੇਖੋ॥

## ਪੰਜਾਬ ਦੀ ਵਾਗਡੋਰ ਸਿੰਘਾਂ ਨੂੰ ਸੌਂਪ ਕੇ ਬੰਦਾ ਸਿੰਘ ਬਹਾਦਰ ਗ੍ਰਹਿਸਤ ਵਿਚ ਗੁਆਚ ਗਿਆ

1531 ਵਾਗਡੋਰ ਪੰਜਾਬ ਦੀ ਸੌਂਪ ਸਿੰਘਾਂ, ਬੰਦਾ ਸਿੰਘ ਨੇ ਗ੍ਰਿਸਤ ਅਪਨਾਇਆ ਏ।
ਜਥੇਦਾਰ ਇਲਾਕੇ ਵੰਡ ਬੈਠੇ, ਆਪੋ-ਆਪਣਾ ਹੁਕਮ ਚਲਾਇਆ ਏ।
ਖੜ੍ਹੀ ਕੀਤੀ ਨਾ ਮੇਚ ਦੀ ਫ਼ੌਜ ਕੋਈ, ਡਰ ਦਿੱਲੀ ਦਾ ਦਿਲੋਂ ਭੁਲਾਇਆ ਏ।
ਭੀੜ ਜਦ ਵੀ ਪਈ ਹਰਚੰਦ ਸਿੰਘਾ, ਬੰਦਾ ਉਤਰ ਪਹਾੜੋਂ ਆਇਆ ਏ॥

## ਬੰਦਾ ਸਿੰਘ ਨੇ ਤਿੰਨ ਵਾਰ ਪੰਜਾਬ ਆਜ਼ਾਦ ਕਰਾਇਆ

1532 ਤੁਰਕਾਂ ਜੋੜ ਕੇ ਕਈ ਵਾਰ ਫੌਜੀ, ਪੰਜਾਬ ਸਿੰਘਾਂ ਦੇ ਕੋਲੋਂ ਹਥਿਆਇਆ ਏ।
ਬੰਦਾ ਸਿੰਘ ਨੇ ਪੇਸ਼ ਨਾ ਜਾਣ ਦਿੱਤੀ, ਉਸ ਆਣ ਕੇ ਗਦਰ ਮਚਾਇਆ ਏ।
ਛਾਪਾ-ਮਾਰ ਲੜਾਈ ਦੀ ਪਿਰਤ ਪਾ ਕੇ, ਇਲਾਕਾ ਉਨ੍ਹਾਂ ਤੋਂ ਖਾਲ੍ਹੀ ਕਰਾਇਆ ਏ।
ਹਰਚੰਦ ਸਿੰਘਾ ਜਹਾਂਦਾਰ ਤਾਈਂ, ਰਾਹ ਦਿੱਲੀ ਦੇ ਸਿੰਘਾਂ ਨੇ ਪਾਇਆ ਏ॥

## ਕਵੀਓ ਵਾਚ

1533 ਗੱਲ ਕਰੀਏ ਉਥੇ ਹਾਸਿਆਂ ਦੀ, ਜਿੱਥੇ ਮਨ ਪਰਚਾਉਣ ਦੀ ਗੱਲ ਹੋਵੇ।
ਉਸ ਥਾਂ ਤੇ ਮਿੰਨਤ-ਮਨੌਂਤ ਚੰਗੀ, ਜਿੱਥੇ ਰੁੱਸੇ ਮਨਾਉਣ ਦੀ ਗੱਲ ਹੋਵੇ।
ਵਾਧਾ-ਘਾਟਾ ਉਥੇ ਵਿਚਾਰੀਏ ਨਾ, ਜਿੱਥੇ ਦਿਲ ਲਗਾਉਣ ਦੀ ਗੱਲ ਹੋਵੇ।
ਹਰਚੰਦ ਸਿੰਘਾ ਮੁੱਕਦੀ ਗੱਲ ਉਥੇ, ਜਿੱਥੇ ਗੱਲ ਮੁਕਾਉਣ ਦੀ ਗੱਲ ਹੋਵੇ॥

1534 ਗੱਲ ਵਿਚੋਂ ਗੱਲ ਦੀ ਉਪਜ ਹੋਵੇ, ਗੱਲ ਲਾਰਾ ਗੱਲ ਇਕਰਾਰ ਬਣਦੀ।
ਗੱਲ ਗੁੱਸਾ, ਗਾਲ-ਗਲੋਚ ਬਣੇ, ਗੱਲ ਜਿੱਤ ਤੇ ਗੱਲ ਹੀ ਹਾਰ ਬਣਦੀ।
ਗੱਲ ਬਣੇ, ਮੁੱਢ ਬਰਵਾਦੀਆਂ ਦੀ, ਗੱਲ ਅਮਨ ਤੇ ਗਲ ਪਿਆਰ ਬਣਦੀ।
ਹਰਚੰਦ ਸਿੰਘਾ ਗਲੇ ਦੀ ਬਣੇ ਹੱਡੀ, ਗੱਲ ਕਦੇ ਗਲੇ ਦਾ ਹਾਰ ਬਣਦੀ॥

1535 ਕਈ ਗੱਲ੍ਹਾਂ ਦੀ ਖੱਟੀ ਖਾਂਵਦੇ ਨੇ, ਕਈ ਲਏ ਗੱਲਾਂ ਨੇ ਖਾ ਲੋਕੋ।
ਕਈ ਗੱਲ੍ਹਾਂ ਨੇ ਜੇਲ੍ਹਾਂ ਵਿਚ ਤੁੰਨੇ, ਕਈ ਰਹੇ ਨੇ ਰਾਜ ਚਲਾ ਲੋਕੋ।
ਫੁੱਟ ਪਾ ਕੇ ਕਰਨ ਤਬਾਹ ਕਦੇ, ਵੈਰ ਭਾਈਆਂ ਦੇਣ ਇਹ ਪਾ ਲੋਕੋ।
ਜੋ ਫੱਟ ਤਲਵਾਰ ਨਾ ਲਾ ਸਕੇ, ਗੱਲ੍ਹਾਂ ਦੇਂਦੀਆਂ ਫੱਟ ਉਹ ਲਾ ਲੋਕੋ॥

## ਜਹਾਂਦਾਰ ਸ਼ਾਹ ਦੇ ਭਤੀਜੇ ਫ਼ਰੁਖ਼ਸ਼ੀਅਰ ਨੇ ਜੋ ਉਸ ਸਮੇਂ ਬੰਗਾਲ ਅਤੇ ਬਿਹਾਰ ਦਾ ਹਾਕਮ ਸੀ, ਨੇ ਸੱਯਦਾਂ ਦੀ ਮੱਦਦ ਨਾਲ ਜਹਾਂਦਾਰ ਸ਼ਾਹ ਨੂੰ ਕਤਲ ਕਰਕੇ ਦਿੱਲੀ ਦਾ ਤਖਤ ਹਾਸਲ ਕਰਨਾ

1536 ਗਿਆਰਾਂ ਫਰਵਰੀ ਸਤਾਰਾਂ ਸੌ ਤੇਰਾਂ ਈ: ਨੂੰ, ਫ਼ਾਰਖ਼ਸ਼ੀਅਰ ਸੀ ਦਾਅ ਚਲਾ ਬੈਠਾ।
ਜਹਾਂਦਾਰ ਨੂੰ ਹੱਥੀਂ ਕਤਲ ਕਰਕੇ, ਤਾਜ ਆਪਣੇ ਸਿਰ ਸਜਾ ਬੈਠਾ।
ਅਬਦੁੱਸ ਮਦ (ਅਬਦੁੱਲ ਸਮੱਦ) ਖਾਂ ਸੂਬੇਦਾਰ ਬਣਕੇ, ਕਿਲ੍ਹੇ ਵਿਚ ਲਾਹੌਰ ਦੇ ਜਾ ਬੈਠਾ।
ਗੜਬੜ ਦਿੱਲੀ ਦੀ ਦੇਖ ਹਰਚੰਦ ਸਿੰਘਾ, ਬੰਦਾ ਮੁੜ ਸਡੌਰੇ ਸੀ ਆ ਬੈਠਾ॥

## ਫ਼ਰੁਖਸ਼ੀਅਰ ਨੇ ਰਣਨੀਤੀ ਬਦਲਣੀ

1537 ਫ਼ਰੁਖ਼ਸ਼ੀਅਰ ਨੇ ਲਾ ਲਿਆ ਜ਼ੋਰ ਆਪਣਾ, ਬੰਦਾ ਸਿੰਘ ਨਾ ਕਾਬੂ ਆਂਵਦਾ ਏ।
ਰਾਤੀਂ ਨੀਂਦ 'ਚੋਂ ਉਠ ਕੇ ਬੈਠ ਜਾਂਦਾ, ਸੁਪਨੇ ਵਿਚ ਆ ਬੰਦਾ ਡਰਾਂਵਦਾ ਏ।
ਖਾਨਦਾਨ ਹੈ ਸਭ ਤਬਾਹ ਕੀਤਾ, ਬੰਦਾ ਜਾਦੂ ਐਸਾ ਪਾਂਵਦਾ ਏ।
ਹਰਚੰਦ ਸਿੰਘਾ ਕਰ ਦੀਵਾਨ ਕੱਠੇ, ਰਣਨੀਤੀ ਨਵੀਂ ਬਣਾਂਵਦਾ ਏ॥

## ਵਜ਼ੀਰਾਂ ਅਤੇ ਦੀਵਾਨਾਂ ਨੇ ਸ਼ਾਹ ਨੂੰ ਸਲਾਹ ਦੇਣੀ

1538 ਬਹਿ ਸਭ ਨੇ ਸੋਚ-ਵਿਚਾਰ ਕਰਕੇ, ਜਾ ਸ਼ਾਹ ਨੂੰ ਦਿੱਤੀ ਸਲਾਹ ਮੀਆਂ।
ਫ਼ੌਜਾਂ ਚਾੜ੍ਹ ਕੇ ਅਸਾਂ ਨੇ ਵੇਖ ਲਈਆਂ, ਸਭ ਕੁੱਝ ਹੀ ਲਿਆ ਗਵਾ ਮੀਆਂ।
ਦਿੱਲੀ ਵਿਚ ਗੁਰੂ ਦੇ ਮਹਿਲ ਰਹਿੰਦੇ, ਗੱਲ ਉਨ੍ਹਾਂ ਨੇ ਨਾਲ ਚਲਾ ਮੀਆਂ।
ਹਰਚੰਦ ਸਿੰਘਾ ਬੰਦੇ ਨੂੰ ਕਰਨ ਕਾਬੂ, ਅਰਜ ਕਰੋ ਉਨ੍ਹਾਂ ਦੀ ਜਾ ਮੀਆਂ॥

## ਬਾਦਸ਼ਾਹ ਨੇ ਦੀਵਾਨ ਰਾਮ ਦਿਆਲ ਨੂੰ ਮਾਤਾ ਸੁੰਦਰੀ ਜੀ ਪਾਸ ਬੇਨਤੀ ਕਰਨ ਲਈ ਭੇਜਣਾ

1539 ਦੀਵਾਨ ਰਾਮ ਦਿਆਲ ਨੂੰ ਸੱਦ ਕੋਲੇ, ਸ਼ਾਹ ਨੇ ਚਿੱਠੀ ਲਿਖ ਫੜਾ ਦਿੱਤੀ।
ਜ਼ਹਿਰੀ ਨਾਗ ਨੂੰ ਜੋਗੀ ਹੀ ਕੀਲ ਸਕੇ, ਸਾਰੀ ਉਸਨੂੰ ਗੱਲ ਸਮਝਾ ਦਿੱਤੀ।
ਭੇਂਟਾ ਭੇਜੀ ਮਾਤਾ ਨੂੰ ਮਾਇਆ ਦੀ, ਤੋਹਫੇ, ਕੱਪੜੇ ਰੱਸਦ ਪੁਚਾ ਦਿੱਤੀ।
ਹਰਚੰਦ ਸਿੰਘਾ ਦੁੱਧ ਵਿਚ ਘੋਲ ਮਿਸ਼ਰੀ, ਨਾਲੇ ਜ਼ਹਿਰ ਵੀ ਉਸ ਵਿਚ ਪਾ ਦਿੱਤੀ॥

1540 ਡੇਰੇ ਮਾਤਾ ਦੇ ਰਾਮ ਦਿਆਲ ਆਇਆ, ਸੀਸ ਚਰਨਾਂ ਉਤੇ ਟਿਕਾਇਆ ਏ।
ਮਾਤਾ ਮੇਰੀਏ ਘੱਲਿਆ ਬਾਦਸ਼ਾਹ ਨੇ, ਥੋਨੂੰ ਸਤ ਸਲਾਮ ਬੁਲਾਇਆ ਏ।
ਜੋ ਲਿਖ ਕੇ ਭੇਜਿਆ ਬਾਦਸ਼ਾਹ ਨੇ, ਉਸ ਮਾਤਾ ਨੂੰ ਪੜ੍ਹ ਸੁਣਾਇਆ ਏ।
ਹਰਚੰਦ ਸਿੰਘਾ ਹੋਈ ਪ੍ਰਸੰਨ ਮਾਤਾ, ਸ਼ਬਦ ਜਾਲ ਸ਼ਿਕਾਰੀਆਂ ਪਾਇਆ ਏ॥

1541 ਰਾਜ-ਮਾਤਾ ਪੁੱਤਰ ਮੈਂ ਆਪਦਾ ਹਾਂ, ਜਿਵੇਂ ਕਹੋ ਹੈ ਮਨਜ਼ੂਰ ਮੈਨੂੰ।
ਹਰ ਸਮੇਂ ਤਾਬਿਆਦਾਰ ਤੇਰਾ, ਰਤਾ ਸਮਝਣਾ ਨਹੀਂ ਹੈ ਦੂਰ ਮੈਨੂੰ।
ਇਕ ਕੰਮ ਹੈ ਆਪਦੇ ਕਰਨ ਵਾਲਾ, ਓਟ-ਆਸਰਾ ਦਿਉ ਜ਼ਰੂਰ ਮੈਨੂੰ।
ਹਰਚੰਦ ਸਿੰਘਾ ਗੁਸਤਾਖ਼ੀ ਕਰਾਂ ਕੋਈ, ਮਾਵਾਂ ਵਾਂਗ ਹੀ ਦੇਵਣਾ ਘੂਰ ਮੈਨੂੰ॥
1542 ਨਾਨਕ ਪੀਰ ਨੇ ਸਾਡੇ ਵਡੇਰਿਆਂ ਨੂੰ, ਵਰ ਦੇ ਕੇ ਕਰ ਨਿਹਾਲ ਦਿੱਤਾ।
ਬਾਬੇ ਬਾਬਰ ਨੂੰ ਬਖਸ਼ੀ ਬਾਦਸ਼ਾਹੀ, ਸੱਤ ਪੀੜ੍ਹੀਆਂ ਰਾਜ ਸੰਭਾਲ ਦਿੱਤਾ।
ਦਸਵੇਂ ਗੁਰਾਂ ਨੇ ਬਹਾਦਰ ਸ਼ਾਹ ਤਾਈਂ, ਤਾਜ ਪੋਸ ਕੇ ਰਾਜ ਬਹਾਲ ਦਿੱਤਾ।
ਭਲਾ ਸਰਬੱਤ ਦਾ ਮੰਗ ਹਰਚੰਦ ਸਿੰਘਾ, ਕਰ ਜਹਾਨ ਨੂੰ ਮਾਲਾ-ਮਾਲ ਦਿੱਤਾ॥

1543 ਗੁਰਾਂ ਪਿੱਛੋਂ ਗੁਰਾਂ ਦੇ ਥਾਂ ਤੁਸੀਂ, ਪੰਥ ਖਾਲਸਾ ਆਪਦੀ ਜਾਨ ਮਾਤਾ।
ਸੋਧ ਦੇਵੋ ਸਹੀ ਖਾਲਸੇ ਨੂੰ, ਕਰੋ ਇਸ ਦੀ ਤੁਸੀਂ ਕਮਾਨ ਮਾਤਾ।
ਕਿੰਨੇ ਸਾਲ ਤੋਂ ਖੜਕਦੀ ਤੇਗ ਵੇਖੋ, ਕਿੰਨਾ ਕੀਤਾ ਆਪਾਂ ਨੇ ਹਾਨ ਮਾਤਾ।
ਹਰਚੰਦ ਸਿੰਘਾ ਅਮਨ ਦੇ ਨਾਲ ਰਹੀਏ, ਪੰਜਾਬ ਹੋਏ ਨਾ ਲਹੂ ਲੁਹਾਨ ਮਾਤਾ॥

1544 ਜਗਤ ਮਾਤਾ ਕਹਾਂ ਮੈਂ ਕਸਮ ਖਾ ਕੇ, ਅਸਾਂ ਵੈਰ-ਵਿਰੋਧ ਮਿਟਾ ਦੇਣਾ।
ਹਿੰਦੂ-ਸਿਖ ਤੇ ਹੋਊ ਨਾ ਜ਼ੁਲਮ ਕੋਈ, ਜਜ਼ੀਆ ਹਿੰਦੂਆਂ ਉਤੋਂ ਹਟਾ ਦੇਣਾ।
ਗੱਲ ਕਹੀ ਕੋਈ ਜੇ ਝੂਠ ਹੋਵੇ, ਤੁਸੀਂ ਮੇਰਾ ਨਾਂ ਵਟਾ ਦੇਣਾ।
ਹਰਚੰਦ ਸਿੰਘਾ ਜੋ ਫ਼ੌਜ ਤੇ ਖਰਚ ਹੋਏ, ਉਹੋ ਪੰਥ ਦੇ ਪੱਲੇ ਪਾ ਦੇਣਾ॥

1545 ਦਿਆ ਕਰੋ ਬੰਦੇ ਨੂੰ ਵਰਜ ਦੇਵੋ, ਦੇਸ਼ ਕੀਤਾ, ਉਸ ਬਰਬਾਦ ਮਾਤਾ।
ਉਸ ਲੈ ਲਏ ਜੋ ਸੀ ਵੈਰ ਲੈਣੇ, ਕਿਉਂ ਕਰਦਾ ਹੁਣ ਫਸਾਦ ਮਾਤਾ।
ਦਿਆਂ ਰਾਖਵੀਂ ਕਰ ਜਗੀਰ ਉਸਨੂੰ, ਰਹੇ ਹੋ ਕੇ ਉਹ ਆਜ਼ਾਦ ਮਾਤਾ।
ਹਰਚੰਦ ਸਿੰਘਾ ਵੀਰਾਂ ਵਾਂਗ ਰਹੀਏ, ਆਪ ਅੱਗੇ ਮੇਰੀ ਫ਼ਰਿਆਦ ਮਾਤਾ॥

## ਮਾਤਾ ਸੁੰਦਰੀ ਜੀ ਨੇ ਬਾਦਸ਼ਾਹ ਦੀਆਂ ਗੱਲਾਂ ਵਿਚ ਆ ਕੇ ਬੰਦਾ ਸਿੰਘ ਬਹਾਦਰ ਵੱਲ ਖ਼ਤ ਲਿਖਣਾ

1546 ਜਾਦੂ ਚੱਲਿਆ ਰਾਮ ਦਿਆਲ ਵਾਲਾ, ਉਸ ਮਾਤਾ ਤਾਈਂ ਭਰਮਾਇਆ ਏ।
ਮਾਤਾ ਕਿਸੇ ਦੀ ਨਹੀਂ ਸਲਾਹ ਪੁੱਛੀ, ਸਾਹਿਬ ਚੰਦ ਨੂੰ ਤੁਰੰਤ ਬੁਲਾਇਆ ਏ।
ਜੋ ਸ਼ਾਹ ਨੇ ਮਾਤਾ ਨੂੰ ਲਿਖਿਆ ਏ, ਉਨ੍ਹਾਂ ਬੰਦੇ ਵਲ ਲਿਖਾਇਆ ਏ।
ਹਰਚੰਦ ਸਿੰਘਾ ਜੋ ਆਪ ਨਾ ਕਰ ਸਕੇ, ਉਹ ਮਾਤਾ ਕੋਲੋਂ ਕਰਵਾਇਆ ਏ॥

## ਭਾਈ ਮਨੀ ਸਿੰਘ ਜੀ ਨੇ ਮਾਤਾ ਜੀ ਨੂੰ ਬੇਨਤੀ ਕਰਨੀ

1547 ਮਨੀ ਸਿੰਘ ਜੀ ਮਾਤਾ ਨੂੰ ਅਰਜ਼ ਕੀਤੀ, ਤੁਸੀਂ ਧੋਖੇ ਵਿੱਚ ਹੋ ਆਉਣ ਲੱਗੇ।
ਬੰਦਾ ਸਿੰਘ ਗੁਰੂ ਦੇ ਸ਼ੇਰ ਤਾਈਂ, ਕਿਉਂ ਪਿੰਜਰੇ ਆਪ ਹੋ ਪਾਉਣ ਲੱਗੇ।
ਉਸ ਜੜ੍ਹ ਜ਼ੁਲਮ ਦੀ ਪੁੱਟਣੀ ਏ, ਭਲੇ ਕਾਜ ਤੋਂ ਕਿਉਂ ਹਟਾਉਣ ਲੱਗੇ।
ਸਤਿਗੁਰਾਂ ਜੋ ਲਾਈ ਹਰਚੰਦ ਸਿੰਘਾ, ਉਸ ਜੋਤ ਨੂੰ ਕਿਉਂ ਬੁਝਾਉਣ ਲੱਗੇ॥

*(ਬਾਕੀ ਅਗਲ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9" ਲਈ ਕੈਨੇਡੀਅਨ ਸਿਟੀਜਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਬਿਨਾਂ (ਬਿਨਾਂ ਬੱਚੇ ਤੋਂ) ਵੀ ਸੰਪਰਕ ਕਰ ਸਕਦੇ ਹਨ। ਸੰਪਰਕ : 604-901-9044

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ- 604-710-7593

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ
ਸੰਪਰਕ ਨੰਬਰ 604-832-2564

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਲਟਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

ਕੈਨੇਡਾ ਵਿਚ ਵਿਜ਼ਟਰ ਵੀਜ਼ੇ 'ਤੇ ਰਹਿ ਰਿਹਾ ਜੱਟ ਸਿੱਖ ਮਾਨ ਲੜਕਾ, ਉਮਰ 22 ਸਾਲ, ਕੱਦ 6 ਫੁੱਟ, ਡੀਜ਼ਲ ਮਕੈਨਿਕ ਦਾ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਸਟੂਡੈਂਟ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ।
ਸੰਪਰਕ ਕਰੋ: 778-361-2200

### ਕੰਨਿਆਂ ਦੀ ਲੋੜ

ਜੱਟ ਸਿੱਖ ਭੁੱਲਰ ਲੜਕਾ, ਉਮਰ 35, ਕੱਦ 5"5', ਐਮਐਸਸੀ, ਲਈ ਕੈਨੇਡੀਅਨ ਸਿਟੀਜ਼ਨ, ਪੀ. ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ
ਸੰਪਰਕ ਕਰੋ: 236-881-7405

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

## MATRIMONIALS

### ਲੜਕੇ ਦੀ ਲੋੜ

ਸਿੱਖ ਬਰਾੜ ਕੈਨੇਡੀਅਨ ਪੀ ਆਰ, ਉਮਰ 28 ਸਾਲ, ਕੱਦ ਪੰਜ ਫੁੱਟ ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-
ਫੋਨ ਨੰਬਰ 91-77105-45805 (ਵੈਟਸਐਪ)

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। Recent Photo And Ibodata ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ :
778-801-9037 talwanid@hotmial.ca

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।
Contact: 604-897-1298,
Whatsapp Number: 99-156-52029

### ਵਰ ਦੀ ਲੋੜ

ਜੱਟ ਸਿੱਖ ਭੁੱਲਰ ਲੜਕੀ, ਉਮਰ 35, ਕੱਦ 5"3', ਐਮਸੀਏ, ਲਈ ਕੈਨੇਡੀਅਨ ਸਿਟੀਜ਼ਨ, ਪੀ. ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੇ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ: 236-881-7405

## EMPLOYMENTS

### ਵਰਕਰਾਂ ਦੀ ਲੋੜ

S K Farming ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰੰਬਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ Concrete Breaking ਅਤੇ Coring ਦਾ ਬਿਜ਼ਨਸ ਵਿਕਾਊ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ। ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ।
ਸੰਪਰਕ ਕਰੋ: 604-250-7893

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਅੱਜ ਹੀ ਸੰਪਰਕ 604-307-7008

ਸਟੋਰ ਤੇ ਕੰਮ ਕਰਨ ਲਈ ਲੜਕੀਆ ਦੀ ਲੋੜ ਹੈ। ਵਧੀਆ ਤਨਖਾਹ ਦੀਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰੁਪਰਕ ਕਰੋ 604-339-2389

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ.ਜ਼ੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁੰਰਤ ਲੋੜ ਹੈ। ਕੰਮ ਪਲਾਂਟਿੰਗ, ਪੌਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚਲੇਗਾ । ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ । ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਾਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ- ਚਰਨਜੀਤ ਕੌਰ 604-309-8705

### ਵਰਕਰਾਂ ਦੀ ਲੋੜ

ਫਾਸਟ ਡਾਰਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ- ਸਾਹਿਬ ਸਿੰਘ 778-863-9000

### ਬੇਬੀ ਸਿਟਰ ਦੀ ਲੋੜ

ਗਿਲਡਫੋਡ ਏਰੀਆ 'ਚ ਜਾਂ ਤੁਹਾਡੀ ਜਗ੍ਹਾ 'ਤੇ ਮਹੀਨੇ ਦੇ ਕੁਝ ਦਿਨਾਂ ਵਾਸਤੇ ਸ਼ਾਮ 5 ਤੋਂ 9 ਵਜੇ ਤੱਕ ਪੰਜਾਬੀ ਬੇਬੀ ਸਿਟਰ ਦੀ ਲੋੜ ਹੈ। ਸਾਡੀ 4 ਸਾਲ ਦੀ ਕੁੜੀ ਅਤੇ 2 ਸਾਲ ਦਾ ਮੁੰਡਾ ਹੈ ਜੋ ਕਿ ਐਕਟਿਵ ਅਤੇ ਮਿਲਾਪੜੇ ਹਨ। ਪੈਸਿਆਂ ਲਈ ਗੱਲਬਾਤ ਕਰ ਸਕਦੇ ਹਾਂ। ਸੰਪਰਕ ਰਾਜਦੀਪ: 604-808-2579

## EMPLOYMENTS

### ਡਿਲਵਰੀ ਪਰਸਨ ਦੀ ਲੋੜ

ਬਰਨਬੀ ਵਿੱਚ ਸਥਿਤ ਇੰਡੀਅਨਲਾਈਫ ਫੂਡ ਕਾਰਪੋਰੇਸ਼ਨ ਵਾਲਿਆਂ ਨੂੰ ਫੁੱਲ-ਟਾਈਮ ਡਿਲੀਵਰੀ ਵਿਅਕਤੀ ਦੀ ਜ਼ਰੂਰਤ ਹੈ। ਊਰਜਾਵਾਨ, ਮਿਹਨਤੀ, ਉਤਸ਼ਾਹੀ ਅਤੇ ਟੀਮ ਪਲੇਅਰ ਹੋਵੇ। ਕਲਾਸ 5 ਦਾ ਡਰਾਈਵਰ ਲਾਇਸੰਸ ਅਤੇ ਸਾਫ ਡਰਾਈਵਿੰਗ ਦਾ ਰਿਕਾਰਡ ਹੋਣਾ ਲਾਜ਼ਮੀ ਅੰਗਰੇਜ਼ੀ ਵਿੱਚ ਗਲਬਾਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਅਪਲਾਈ ਕਰਨ ਸਮੇਂ ਕ੍ਰਿਪਾ ਕਰਕੇ ਅਪਣੇ ਡਰਾਈਵਰ ਐਬਸਟਰੈਕਟ ਦੀ ਇੱਕ ਕਾਪੀ ਲਿਆਉ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-298-5000
ap 23

# ਸ਼੍ਰੋਮਣੀ ਭਗਤ ਨਾਮਦੇਵ ਜੀ




ਭਗਤ ਨਾਮਦੇਵ ਜੀ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਤੋਂ ਲਗਪਗ 200 ਸਾਲ ਪਹਿਲਾਂ ਹੋਏ ਸਨ। ਉਸ ਸਮੇਂ ਸਮਾਜ 'ਚ ਜਾਤਾਂ-ਪਾਤਾਂ ਦਾ ਜ਼ੋਰ ਸੀ। ਉੱਚੀ ਜਾਤ ਵਾਲੇ ਕਥਿਤ ਨੀਵੀਂ ਜਾਤ ਦੇ ਲੋਕਾਂ ਦਾ ਤ੍ਰਿਸਕਾਰ ਕਰਦੇ ਸਨ। ਭਗਤ ਨਾਮਦੇਵ ਜੀ ਉਹ ਮਹਾਨ ਸ਼ਖ਼ਸੀਅਤ ਹਨ, ਜਿਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਸ਼ਾਮਲ ਹੋਣ ਦਾ ਮਾਣ ਹਾਸਲ ਹੈ। ਭਗਤ ਨਾਮਦੇਵ ਜੀ ਦਾ ਜਨਮ ਪਿੰਡ ਨਰਸੀ ਬਾਮਨੀ, ਜ਼ਿਲ੍ਹਾ ਸਤਾਰਾ (ਮਹਾਰਾਸ਼ਟਰ) ਵਿਖੇ ਪਿਤਾ ਦਾਮਸ਼ੇਟ ਤੇ ਮਾਤਾ ਗੋਨੀ ਬਾਈ ਦੇ ਗ੍ਰਿਹਿ ਵਿਖੇ 1270 ਈਸਵੀ 'ਚ ਹੋਇਆ। ਆਪ ਦਾ ਸੁਭਾਅ ਬਚਪਨ ਤੋਂ ਸਾਦਗੀ ਤੇ ਭਗਤੀ ਵਾਲਾ ਸੀ। ਕਿਸੇ ਵੀ ਦੁਨਿਆਵੀ ਪਿਤਾ ਵਾਂਗ ਆਪ ਜੀ ਦੇ ਪਿਤਾ ਜੀ ਨੇ ਵੀ ਪੂਰੀ ਕੋਸ਼ਿਸ਼ ਕੀਤੀ ਕਿ ਆਪ ਵਪਾਰ ਆਦਿ ਕਰ ਕੇ ਗ੍ਰਹਿਸਤੀ ਜੀਵਨ ਬਤੀਤ ਕਰਨ। ਆਪ ਨੇ ਕੱਪੜੇ ਛਾਪਣ ਦੀ ਕਿਰਤ ਕਰਦਿਆਂ ਪਰਿਵਾਰ ਦਾ ਪਾਲਣ-ਪੋਸ਼ਣ ਕੀਤਾ। ਆਪ ਵਿਸ਼ੋਭਾ ਖੇਤਰ ਨੂੰ ਗੁਰੂ ਧਾਰਨ ਕਰ ਕੇ ਕੱਪੜੇ ਰੰਗਣ ਦੇ ਨਾਲ-ਨਾਲ ਆਪਣੇ ਮਨ ਨੂੰ ਵੀ ਭਗਤੀ-ਭਾਵ ਨਾਲ ਰੰਗਦੇ ਰਹੇ। ਭਗਤ ਨਾਮਦੇਵ ਜੀ ਮਹਾਰਸ਼ਟਰ ਤੋਂ ਆ ਕੇ ਸੰਗਤਾਂ ਨੂੰ ਨਾਮ-ਸਿਮਰਨ ਨਾਲ ਜੋੜਨ ਤੇ ਹੱਕ ਦੀ ਕਿਰਤ ਕਰਨ ਦਾ ਸੰਦੇਸ਼ ਦਿੰਦੇ ਹੋਏ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਨਗਰ ਘੁਮਾਣ (ਨਾਮਦੇਵ ਨਗਰ) ਵਿਖੇ ਆਏ ਤੇ ਇਥੇ ਲੰਬਾ ਸਮਾਂ ਰਹੇ। ਭਗਤ ਨਾਮਦੇਵ ਜੀ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਤੋਂ ਲਗਪਗ 200 ਸਾਲ ਪਹਿਲਾਂ ਹੋਏ ਸਨ। ਉਸ ਸਮੇਂ ਸਮਾਜ 'ਚ ਜਾਤਾਂ-ਪਾਤਾਂ ਦਾ ਜ਼ੋਰ ਸੀ। ਉੱਚੀ ਜਾਤ ਵਾਲੇ ਕਥਿਤ ਨੀਵੀਂ ਜਾਤ ਦੇ ਲੋਕਾਂ ਦਾ ਤ੍ਰਿਸਕਾਰ ਕਰਦੇ ਸਨ। ਭਗਤ ਨਾਮਦੇਵ ਜੀ ਨੇ ਜਾਤ-ਪਾਤ, ਊਚ-ਨੀਚ ਤੇ ਵਹਿਮਾਂ-ਭਰਮਾਂ ਦਾ ਜ਼ੋਰਦਾਰ ਖੰਡਨ ਕੀਤਾ ਤੇ ਨਾਮ ਸਿਮਰਨ ਕਰਕੇ ਇਨਸਾਨ ਨੂੰ ਉੱਚੇ-ਸੁੱਚੇ ਗੁਣਾਂ ਦਾ ਧਾਰਨੀ ਹੋਣ ਦਾ ਸੰਦੇਸ਼ ਦਿੱਤਾ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮਦੇਵ ਜੀ ਰਚਿਤ 61 ਸ਼ਬਦਾਂ ਨੂੰ 18 ਰਾਗਾਂ 'ਚ ਦਰਜ ਕੀਤਾ। ਆਪ ਦੀ ਮਰਾਠੀ ਭਾਸ਼ਾ 'ਚ ਰਚੀ 'ਨਾਮਦੇਵ ਦੀ ਸਾਖੀ', 'ਸੋਰਠਿ ਰਾਗ ਦਾ ਪਦਾ' ਤੇ 'ਭਗਤ ਨਾਮਦੇਵ ਜੀ ਕਾ ਪਦਾ' ਨਾਮੀ ਤਿੰਨ ਰਚਨਾਵਾਂ ਬਾਰੇ ਜਾਣਕਾਰੀ ਮਿਲਦੀ ਹੈ। ਆਪ ਦੀ ਬਾਣੀ 'ਚ ਪਰਮਾਤਮਾ ਦੇ ਨਿਰਗੁਣ ਤੇ ਸਰਗੁਣ ਸਰੂਪ ਦਾ ਵਰਨਣ ਹੈ। ਆਪ ਸੰਸਾਰ ਨੂੰ ਪਰਮਾਤਮਾ ਦਾ ਲਗਾਇਆ ਬਾਗ਼ ਸਮਝਦੇ ਹਨ, ਜਿਸ ਦੀ ਦੇਖ-ਰੇਖ ਤੇ ਸੰਭਾਲ ਵੀ ਅਕਾਲ ਪੁਰਖ ਆਪ ਕਰ ਰਿਹਾ ਹੈ। ਧਨਾਸਰੀ ਰਾਗ 'ਚ ਆਪ ਫ਼ੁਰਮਾਉਂਦੇ ਹਨ ਕਿ ਸਭ ਤੋਂ ਪਹਿਲਾਂ ਸੰਸਾਰ ਇੰਜ ਸੀ ਜਿਵੇਂ ਕੰਵਲ ਦੇ ਫੁੱਲਾਂ ਦਾ ਖੇਤ। ਸਾਰੇ ਜੀਵ-ਜੰਤ ਕੰਵਲ ਫੁੱਲਾਂ ਦੇ ਉਸ ਖੇਤ ਦੇ ਹੰਸ ਹਨ। ਭਗਤ ਨਾਮਦੇਵ ਜੀ ਨੂੰ ਆਪਣੇ ਜੀਵਨ 'ਚ ਬ੍ਰਾਹਮਣਾਂ, ਪੁਜਾਰੀਆਂ ਤੇ ਸਮੇਂ ਦੇ ਹੁਕਮਰਾਨਾਂ ਦਾ ਭਾਰੀ ਵਿਰੋਧ ਬਰਦਾਸ਼ਤ ਕਰਨਾ ਪਿਆ ਪਰ ਉਨ੍ਹਾਂ ਨੇ ਇਸ ਦਾ ਡਟਵਾਂ ਵਿਰੋਧ ਕੀਤਾ ਅਤੇ ਮਿਹਨਤਕਸ਼ ਲੋਕਾਂ ਤੇ ਗ਼ਰੀਬ ਕਿਰਤੀਆਂ ਦਾ ਪੱਖ ਪੂਰਿਆ। ਭਗਤ ਜੀ ਦਾ ਸਤਿਕਾਰ ਦਿਨੋਂ-ਦਿਨ ਵੱਧਦਾ ਗਿਆ। ਈਰਖਾਲੂ ਲੋਕਾਂ ਨੂੰ ਇਹ ਬਰਦਾਸ਼ਤ ਨਹੀਂ ਸੀ ਹੋ ਰਿਹਾ। ਈਰਖਾਲੂ ਲੋਕਾਂ ਨੇ ਭਗਤ ਨਾਮਦੇਵ ਜੀ ਦਾ ਅਪਮਾਨ ਕਰਨ 'ਚ ਕੋਈ ਕਸਰ ਨਹੀਂ ਛੱਡੀ, ਇਥੋਂ ਤਕ ਕਿ ਉਨ੍ਹਾਂ ਨੂੰ ਨਾਮ-ਸਿਮਰਨ ਤੋਂ ਰੋਕਦਿਆਂ ਮੰਦਰ ਵਿੱਚੋਂ ਕੱਢ ਦਿੱਤਾ ਗਿਆ। ਬੇਬਸੀ ਤੇ ਮਾਯੂਸੀ ਨਾਲ ਆਪ ਕੰਬਲੀ ਮੋਢੇ 'ਤੇ ਰੱਖ ਕੇ ਮੰਦਰ ਦੇ ਪਿਛਲੇ ਪਾਸੇ ਬੈਠ ਕੇ ਪ੍ਰਭੂ ਦਾ ਗੁਣਗਾਨ ਕਰਨ ਲੱਗੇ। ਇਸ ਵਾਕਿਆ ਨੂੰ ਆਪ ਨੇ ਇੰਜ ਬਿਆਨ ਕੀਤਾ :

**ਹਸਤ ਖੇਲਤ ਤੇਰੇ ਦੇਹੁਰੇ ਆਇਆ ॥**
**ਭਗਤਿ ਕਰਤ ਨਾਮਾ ਪਕਰਿ ਉਠਾਇਆ ॥**
**ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥**
**ਛੀਪੇ ਕੇ ਜਨਮਿ ਕਾਹੇ ਕਉ ਆਇਆ ॥**
**ਲੈ ਕਮਲੀ ਚਲਿਓ ਪਲਟਾਇ ॥**
**ਦੇਹੁਰੈ ਪਾਛੈ ਬੈਠਾ ਜਾਇ ॥**
**ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥**
**ਭਗਤ ਜਨਾਂ ਕਉ ਦੇਹੁਰਾ ਫਿਰੈ ॥**


ਭਗਵਾਨ ਹਮੇਸ਼ਾ ਆਪਣੇ ਭਗਤਾਂ ਦੀ ਪੈਜ ਰੱਖਦੇ ਆਏ ਹਨ। ਸੋ ਭਗਵਾਨ ਪ੍ਰਗਟ ਹੋਏ ਤੇ ਮੰਦਰ ਦਾ ਦਰਵਾਜ਼ਾ ਹੀ ਪਿਛਲੇ ਪਾਸੇ ਘੁੰਮਾਂਦਿਆਂ ਕਿਹਾ ਕਿ ਆਪ ਨਿਰਾਸ਼ ਨਾ ਹੋਵੋ, ਭਾਵੇਂ ਆਪ ਨੂੰ ਮੰਦਰ 'ਚੋਂ ਕੱਢ ਦਿੱਤਾ ਹੈ ਪਰ ਹੁਣ ਆਪ ਨੂੰ ਜਗਤ ਵਿਚ ਐਸੀ ਥਾਂ ਮਿਲੇਗੀ ਕਿ ਰਹਿੰਦੀ ਦੁਨੀਆ ਤੀਕ ਸੰਸਾਰ ਆਪ ਨੂੰ ਨਮਸਕਾਰ ਕਰੇਗਾ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਆਪ ਜੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਕੇ ਆਪ ਨੂੰ ਸੰਸਾਰ ਵਿਚ ਸਤਿਕਾਰਯੋਗ ਬਣਾ ਦਿੱਤਾ। ਘੁਮਾਣ ਨੇੜੇ ਛੋਟਾ ਜਿਹਾ ਪਿੰਡ ਭੱਟੀਵਾਲ ਵੀ ਭਗਤ ਨਾਮਦੇਵ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਉੱਥੋਂ ਦੇ ਕੁਝ ਲੋਕਾਂ ਨੇ ਭਗਤ ਜੀ ਦੀ ਪ੍ਰੀਖਿਆ ਲੈਣ ਲਈ ਕਈ ਸਵਾਲ ਕੀਤੇ। ਭਗਤ ਜੀ ਨੇ ਅਡੋਲ ਹੋ ਕੇ ਉਨ੍ਹਾਂ ਦੇ ਉੱਤਰ ਦਿੱਤੇ। ਲੋਕਾਂ ਨੂੰ ਯਕੀਨ ਹੋਇਆ ਕਿ ਇਹ ਕੋਈ ਪਰਮਾਤਮਾ ਨਾਲ ਜੁੜਿਆ ਭਗਤ ਹੈ। ਇਸ ਅਸਥਾਨ 'ਤੇ ਭਗਤ ਜੀ ਨੇ ਲਕੜੀ ਦੀ ਬਣੀ ਖੂੰਡੀ ਜ਼ਮੀਨ 'ਚ ਲਾ ਦਿੱਤੀ, ਜੋ ਬਾਅਦ 'ਚ ਹਰੀ ਹੋ ਗਈ। ਇਥੇ ਗੁਰਦੁਆਰਾ ਖੂੰਡੀ ਸਾਹਿਬ ਮੌਜੂਦ ਹੈ। ਪਿੰਡ 'ਚ ਪਾਣੀ ਦੀ ਕਿੱਲਤ ਕਾਰਨ ਭਗਤ ਜੀ ਨੇ ਹੱਥੀਂ ਖੂਹ ਲਗਵਾਇਆ, ਜੋ ਅੱਜ ਕੱਲ੍ਹ ਗੁਰਦੁਆਰਾ ਖੂਹ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਘੁਮਾਣ ਨਗਰ ਦੀ ਹਦੂਦ ਵਿਚ ਭਗਤ ਜੀ ਨਾਲ ਸਬੰਧਤ ਗੁਰਦੁਆਰਾ ਤਪਿਆਣਾ ਸਾਹਿਬ ਵੀ ਸੁਸ਼ੋਭਿਤ ਹੈ। ਇਹ ਉਹ ਅਸਥਾਨ ਹੈ, ਜਿੱਥੇ ਭਗਤ ਜੀ ਨੇ ਲੰਬਾ ਸਮਾਂ ਪ੍ਰਭੂ ਭਗਤੀ ਕੀਤੀ। ਇਥੇ ਆਲੀਸ਼ਾਨ ਨੌਂ ਮੰਜਿਲਾ ਗੁਰਦੁਆਰਾ ਭੋਰਾ ਸਾਹਿਬ ਬਣਿਆ ਹੋਇਆ ਹੈ। ਉਸ ਸਮੇਂ ਕੇਸ਼ੋਦਾਸ ਨਾਂ ਦਾ ਇਕ ਕੋਹੜੀ ਜ਼ਿੰਦਗੀ ਦੇ ਦੁੱਖ ਨਾ ਸਹਾਰਦਾ ਹੋਇਆ ਆਤਮ ਹੱਤਿਆ ਕਰਨ ਜਾ ਰਿਹਾ ਸੀ ਕਿ ਭਗਤ ਜੀ ਨੇ ਉਸ ਨਜ਼ਦੀਕ ਇਕ ਛੱਪੜੀ 'ਚ ਇਸ਼ਨਾਨ ਕਰਨ ਲਈ ਕਿਹਾ ਤੇ ਉਹ ਬਿਲਕੁਲ ਤੁੰਦਰੁਸਤ ਹੋ ਗਿਆ। ਗੁਰਦੁਆਰਾ ਤਪਿਆਣਾ ਸਾਹਿਬ ਬਹੁਤ ਸੁੰਦਰ ਅਸਥਾਨ ਹੈ, ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ। ਸੰਗਤਾਂ ਦੂਰੋਂ-ਦੂਰੋਂ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰ ਕੇ ਨਿਹਾਲ ਹੁੰਦੀਆਂ ਹਨ। ਨਗਰ ਘੁਮਾਣ ਨੂੰ ਅੱਜ 'ਨਾਮਦੇਵ ਨਗਰ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਥੇ ਵੀ ਭਗਤ ਨਾਮਦੇਵ ਜੀ ਦਾ ਪਵਿੱਤਰ ਯਾਦਗਾਰੀ ਅਸਥਾਨ ਖ਼ੂਬਸੂਰਤ ਢੰਗ ਨਾਲ ਤਿਆਰ ਕੀਤਾ ਜਾ ਰਿਹਾ ਹੈ। ਭਗਤ ਨਾਮਦੇਵ ਜੀ ਦੀਆਂ ਸਿੱਖਿਆਵਾਂ ਅੱਜ ਵੀ ਓਨੀਆਂ ਹੀ ਮਹੱਤਵਪੂਰਨ ਹਨ। ਲੋੜ ਹੈ ਕਿ ਉਨ੍ਹਾਂ ਦੀ ਉੱਚੀ-ਸੁੱਚੀ ਵਿਚਾਰਧਾਰਾ ਨੂੰ ਅਪਨਾਉਣ ਦਾ ਯਤਨ ਕਰੀਏ। ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ ਹਰ ਸਾਲ ਵਾਂਗ ਸ਼ਰਧਾ ਤੇ ਸਤਿਕਾਰ ਨਾਲ ਘੁਮਾਣ ਨਗਰ ਵਿਖੇ ਮਨਾਇਆ ਜਾ ਰਿਹਾ ਹੈ।






# ਸ਼ਾਹਰੁਖ਼ ਤੇ ਮਾਧੁਰੀ ਦੀ ਫ਼ਿਲਮ 'ਦਿਲ ਤੋ ਪਾਗਲ ਹੈ' ਦੇ 25 ਵਰ੍ਹੇ ਮੁਕੰਮਲ

ਨਵੀਂ ਦਿੱਲੀ-ਬੌਲੀਵੁੱਡ ਅਦਾਕਾਰ ਸ਼ਾਹਰੁਖ ਖ਼ਾਨ ਤੇ ਅਦਾਕਾਰਾ ਮਾਧੁਰੀ ਦੀਕਸ਼ਿਤ ਦੀ ਫਿਲਮ 'ਦਿਲ ਤੋ ਪਾਗਲ ਹੈਂ' ਨੂੰ




ਅੱਜ ਹਿੰਦੀ ਸਿਨੇਮਾ ਵਿੱਚ ਰਿਲੀਜ਼ ਹੋਇਆਂ ਪੂਰੇ 25 ਵਰ੍ਹੇ ਹੋ ਗਏ ਹਨ। ਫਿਲਮ ਦੇ ਨਿਰਮਾਤਾ 'ਯਸ਼ ਰਾਜ ਫਿਲਮਜ਼' ਨੇ ਆਪਣੇ ਅਧਿਕਾਰਤ ਇਸਟਾਗ੍ਰਾਮ ਅਕਾਊਂਟ 'ਤੇ ਇੱਕ ਵੀਡੀਓ ਸਾਂਝੀ ਕਰਦਿਆਂ ਆਖਿਆ, '25 ਸਾਲ ਪਹਿਲਾਂ... ਰਾਹੁਲ ਨੇ ਪੁੱਛਿਆ ਸੀ... ਮੁਹੱਬਤ ਕਿਆ ਹੈ? ਤੇ 'ਦਿਲ ਤੋ ਪਾਗਲ ਹੈਂ' ਨੇ ਸਾਨੂੰ ਪਿਆਰ ਅਤੇ ਦੋਸਤੀ ਦੇ ਨਵੇਂ ਅਰਥ ਸਮਝਾਏ ਸਨ। ਉਸ ਫਿਲਮ ਦੇ ਨਾਂ... ਜੋ ਸਾਡੇ ਸਾਰਿਆਂ ਦੇ ਦਿਲਾਂ ਦੇ ਬਹੁਤ ਨੇੜੇ ਹੈ।' ਸਾਂਝੀ ਕੀਤੀ ਗਈ ਇਸ ਰੀਲ ਵਿੱਚ ਫਿਲਮ ਦੀਆਂ ਕੁਝ ਝਲਕੀਆਂ ਹਨ ਤੇ ਇਸ ਵਿਚ ਫਿਲਮ ਦਾ ਟਾਈਟਲ ਟਰੈਕ ਚੱਲਦਾ ਸੁਣਾਈ ਦੇ ਰਿਹਾ ਹੈ। ਯਸ਼ ਚੋਪੜਾ ਵੱਲੋਂ ਨਿਰਦੇਸ਼ਿਤ ਇਸ ਫਿਲਮ ਵਿੱਚ ਅਦਾਕਾਰਾ ਕ੍ਰਿਸ਼ਮਾ ਕਪੂਰ ਤੇ ਅਦਾਕਾਰ ਅਕਸ਼ੈ ਕੁਮਾਰ ਵੀ ਪ੍ਰਮੁੱਖ ਭੂਮਿਕਾਵਾਂ ਵਿੱਚ ਨਜ਼ਰ ਆਏ ਸਨ ਤੇ ਫਿਲਮ ਨੂੰ ਦਰਸ਼ਕਾਂ ਵੱਲੋਂ ਅਥਾਹ ਪਿਆਰ ਦਿੱਤਾ ਗਿਆ ਸੀ। ਇਸ ਵੀਡੀਓ ਨੂੰ ਸਾਂਝਾ ਕਰਨ ਮਗਰੋਂ ਵੱਡੀ ਗਿਣਤੀ ਦਰਸ਼ਕਾਂ ਨੇ ਆਪਣੀਆਂ ਪ੍ਰਤੀਕਿਰਿਆਵਾਂ ਦਿੱਤੀਆਂ। ਇਕ ਵਿਅਕਤੀ ਨੇ ਆਖਿਆ, 'ਇਸ ਫਿਲਮ ਦੇ ਸਾਰੇ ਹੀ ਗੀਤ ਬਾਕਮਾਲ ਸਨ।' ਇਕ ਹੋਰ ਨੇ ਕਿਹਾ, 'ਮੇਰੀ ਪਸੰਦੀਦਾ ਫਿਲਮ'। ਜ਼ਿਕਰਯੋਗ ਹੈ ਕਿ ਫਿਲਮ 'ਦਿਲ ਤੋ ਪਾਗਲ ਹੈਂ' ਨੇ ਤਿੰਨ ਕੌਮੀ ਐਵਾਰਡ ਹਾਸਲ ਕੀਤੇ ਹਨ, ਜਿਸ ਵਿੱਚ ਸਰਬੋਤਮ ਮਨੋਰੰਜਕ ਫਿਲਮ, ਸਰਬੋਤਮ ਸਹਾਇਕ ਕਲਾਕਾਰ (ਕ੍ਰਿਸ਼ਮਾ ਕਪੂਰ) ਅਤੇ ਸਰਬੋਤਮ ਕੋਰੀਓਗ੍ਰਾਫ਼ੀ (ਸ਼ੈਮਾਰਕ ਡਾਵਰ) ਸ਼ਾਮਲ ਹਨ।

# 'ਓਏ ਮੱਖਣਾ' 'ਚ ਐਮੀ ਵਿਰਕ ਨਾਲ ਰੋਮਾਂਸ ਕਰਦੀ ਨਜ਼ਰ ਆਵੇਗੀ ਸਿਧੀਕਾ ਸ਼ਰਮਾ



ਸਿਧੀਕਾ ਸ਼ਰਮਾ ਨੇ ਜਦੋਂ ਤੋਂ ਆਪਣੇ ਐਕਟਿੰਗ ਕਰੀਅਰ ਦੀ ਸ਼ੁਰੂਆਤ ਕੀਤੀ ਹੈ, ਉਦੋਂ ਤੋਂ ਹੀ ਅਭਿਨੇਤਰੀ ਨੇ ਸਾਰਿਆਂ ਦੇ ਦਿਲਾਂ 'ਚ ਆਪਣੇ ਲਈ ਜਗ੍ਹਾ ਬਣਾ ਲਈ ਹੈ। ਸਿਧੀਕਾ ਆਪਣੀ ਆਕਰਸ਼ਕ ਸ਼ਖਸੀਅਤ ਨਾਲ ਹਮੇਸ਼ਾ ਹੀ ਲਾਈਮਲਾਈਟ 'ਚ ਰਹੀ ਹੈ। ਪੰਜਾਬ ਦੀ ਰਹਿਣ ਵਾਲੀ, ਸਿਧੀਕਾ ਸ਼ਰਮਾ ਨੇ ਕਈ ਮਿਊਜ਼ਿਕ ਵੀਡੀਓਜ਼ ਵਿੱਚ ਕੰਮ ਕੀਤਾ ਹੈ ਅਤੇ ਕਈ ਮਸ਼ਹੂਰ ਹਸਤੀਆਂ ਨਾਲ ਵੀ ਕੰਮ ਕੀਤਾ ਹੈ। ਇਸ ਤੋਂ ਇਲਾਵਾ ਅਦਾਕਾਰਾ ਨੇ ਜੱਸੀ ਗਿੱਲ ਦੇ ਨਾਲ ਫਿਲਮ 'ਫੁੱਫੜ ਜੀ' ਨਾਲ ਡੈਬਿਊ ਕੀਤਾ ਸੀ। ਅਤੇ ਹੁਣ, ਸਿਧੀਕਾ ਸ਼ਰਮਾ 'ਓਏ ਮਖਨਾ' ਵਿੱਚ ਐਮੀ ਵਿਰਕ ਨਾਲ ਰੋਮਾਂਸ ਕਰਦੀ ਨਜ਼ਰ ਆਵੇਗੀ, ਜੋ ਮਨੋਰੰਜਕ ਪੰਚਲਾਈਨਾਂ ਅਤੇ ਡਰਾਮੇ ਨਾਲ ਭਰਪੂਰ ਹੈ। ਫਿਲਮ ਦਾ ਨਿਰਦੇਸ਼ਨ ਸਿਮਰਜੀਤ ਸਿੰਘ ਨੇ ਕੀਤਾ ਹੈ। ਟ੍ਰੇਲਰ ਕਾਫ਼ੀ ਸ਼ਾਨਦਾਰ ਲੱਗ ਰਿਹਾ ਹੈ ਕਿਉਂਕਿ ਇਸ ਵਿੱਚ ਬਹੁਤ ਸਾਰੇ ਹਾਸੇ ਵਾਲੇ ਟਵਿਸਟ ਹਨ। ਇਹ ਪੰਜਾਬੀ ਰੋਮ ਕੌਮ 4 ਨਵੰਬਰ ਨੂੰ ਰਿਲੀਜ਼ ਹੋਣ ਜਾ ਰਹੀ ਸਾਰੇਗਾਮਾ ਦੀ ਫਿਲਮ ਬਾਂਹ, ਯੂਡਲੀ ਫਿਲਮਜ਼ ਦੁਆਰਾ ਰਿਲੀਜ਼ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਅਭਿਨੇਤਰੀ ਫ਼ਿਲਮ ਨੂੰ ਲੈਕੇ ਕਾਫ਼ੀ ਐਕਸਾਇਟਡ ਨਜ਼ਰ ਆ ਰਹੀ ਹੈ। ਇਸ ਬਾਰੇ ਗੱਲਬਾਤ ਕਰਦਿਆਂ ਸਿਧੀਕਾ ਨੇ ਕਿਹਾ, "ਇੱਕ ਵਧੀਆ ਫ਼ਿਲਮ ਬਣਾਉਣ ਲਈ ਕੀ ਫਾਰਮੂਲਾ ਹੈ? ਵਧੀਆ ਐਕਟਿੰਗ, ਵਧੀਆ ਗੀਤ, ਵਧੀਆ ਟੀਮ ਤੇ ਵਧੀਆ ਸਟਾਰ ਕਾਸਟ।" ਇਸ ਦੇ ਨਾਲ ਹੀ ਸਿਧੀਕਾ ਅੱਗੇ ਕਹਿੰਦੀ ਹੈ, "ਮੇਰਾ ਯਕੀਨ ਹੈ ਕਿ ਇਸ ਫ਼ਿਲਮ 'ਚ ਜਨਤਾ ਨੂੰ ਉਹ ਸਭ ਕੁੱਝ ਮਿਲੇਗਾ ਜੋ ਇੱਕ ਫ਼ਿਲਮ 'ਚ ਹੋਣਾ ਚਾਹੀਦਾ ਹੈ। ਮੇਰੇ ਹਿਸਾਬ ਨਾਲ ਇਹ ਪੈਸਾ ਵਸੂਲ ਫ਼ਿਲਮ ਹੈ।"

# ਸਲਮਾਨ ਨੂੰ ਮਿਲੀ ਵਾਈ ਪਲੱਸ ਸੁਰੱਖਿਆ



ਮੁੰਬਈ-ਮੁੰਬਈ ਪੁਲੀਸ ਵੱਲੋਂ ਬੋਲੀਵੁੱਡ ਸਟਾਰ ਸਲਮਾਨ ਖਾਨ ਨੂੰ ਵਾਈ ਪਲੱਸ ਸ਼੍ਰੇਣੀ ਦੀ ਸੁਰੱਖਿਆ ਦਿੱਤੀ ਜਾਵੇਗੀ। ਅਦਾਕਾਰ ਨੂੰ ਲਾਰੈਂਸ ਬਿਸ਼ਨੋਈ ਗੈਂਗ ਤੋਂ ਮਿਲੇ ਧਮਕੀ ਵਾਲੇ ਪੱਤਰ ਤੋਂ ਬਾਅਦ ਮਹਾਰਾਸ਼ਟਰ ਸਰਕਾਰ ਨੇ ਇਹ ਕਦਮ ਚੁੱਕਿਆ ਹੈ। ਸਲਮਾਨ ਨੇ ਸਵੈ-ਸੁਰੱਖਿਆ ਲਈ ਹਥਿਆਰ ਦੇ ਲਾਇਸੈਂਸ ਲਈ ਵੀ ਅਰਜ਼ੀ ਦਿੱਤੀ ਸੀ। ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਸਲਮਾਨ ਖ਼ਾਨ ਅਤੇ ਉਸ ਦੇ ਪਿਤਾ ਸਲੀਮ ਖ਼ਾਨ ਨੂੰ ਜਾਨੋਂ ਮਾਰਨ ਦੀ ਧਮਕੀ ਮਿਲੀ ਸੀ। ਸਲੀਮ ਦੀ ਸੁਰੱਖਿਆ ਟੀਮ ਨੂੰ ਮੁੰਬਈ ਸਥਿਤ ਘਰ ਦੇ ਬਾਹਰ ਬਾਂਦਰਾ ਬੈਂਡਸਟੈਂਡ ਨੇੜੇ ਧਮਕੀ ਵਾਲਾ ਪੱਤਰ ਮਿਲਿਆ ਸੀ, ਜਿੱਥੇ ਉਹ ਰੋਜ਼ਾਨਾ ਸਵੇਰੇ ਸੈਰ ਲਈ ਲਈ ਜਾਂਦੇ ਹਨ। ਪੱਤਰ ਮਿਲਣ ਮਗਰੋਂ ਸਲਮਾਨ ਨੇ ਮੁੰਬਈ ਪੁਲੀਸ ਨੂੰ ਅਰਜ਼ੀ ਦੇ ਕੇ ਸਵੈ-ਸੁਰੱਖਿਆ ਲਈ ਹਥਿਆਰ ਦਾ ਲਾਇਸੈਂਸ ਜਾਰੀ ਕਰਨ ਦੀ ਮੰਗ ਕੀਤੀ ਸੀ। ਮਹਾਰਾਸ਼ਟਰ ਗ੍ਰਹਿ ਮੰਤਰਾਲੇ ਤੋਂ ਪ੍ਰਾਪਤ ਜਾਣਕਾਰੀ ਮੁਤਾਬਕ, ਬਿਸ਼ਨੋਈ ਗੈਂਗ ਨੇ ਆਪਣੀ ਤਾਕਤ ਦਾ ਵਿਖਾਵਾ ਕਰਨ ਲਈ ਸਲਮਾਨ ਖਾਨ ਅਤੇ ਉਸ ਦੇ ਪਿਤਾ ਨੂੰ ਧਮਕੀ ਦਿੱਤੀ ਸੀ। ਇਸ ਘਟਨਾ ਮਗਰੋਂ ਮਹਾਰਾਸ਼ਟਰ ਦੇ ਗ੍ਰਹਿ ਵਿਭਾਗ ਨੇ ਸਲਮਾਨ ਦੀ ਸੁਰੱਖਿਆ ਵਧਾ ਦਿੱਤੀ ਹੈ।


AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.



Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates



Daljit Singh
778-549-3605
E: singh.mand@icloud.com

# ਸ਼ਾਹਰੁਖ ਖ਼ਾਨ ਨੇ ਅੱਧੀ ਰਾਤ ਨੂੰ ਕਬੂਲੀਆਂ ਜਨਮ ਦਿਨ ਦੀਆਂ ਵਧਾਈਆਂ !






ਮੁੰਬਈ-ਅਦਾਕਾਰ ਸ਼ਾਹਰੁਖ ਖ਼ਾਨ ਅੱਜ 57 ਵਰ੍ਹਿਆਂ ਦਾ ਹੋ ਗਿਆ ਹੈ। ਅਦਾਕਾਰ ਦੇ ਜਨਮ ਦਿਨ ਮੌਕੇ ਵੱਡੀ ਗਿਣਤੀ ਪ੍ਰਸ਼ੰਸਕਾਂ ਵੱਲੋਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਇਸ ਸਾਲ ਵੀ ਹਜ਼ਾਰਾਂ ਦੀ ਗਿਣਤੀ ਵਿੱਚ ਪ੍ਰਸ਼ੰਸਕ ਸ਼ਾਹਰੁਖ ਖ਼ਾਨ ਦੀ ਰਿਹਾਇਸ਼ 'ਮੰਨਤ' ਦੇ ਬਾਹਰ ਅੱਧੀ ਰਾਤੀ ਇਕੱਠੇ ਹੋਏ। ਕੁਝ ਪ੍ਰਸ਼ੰਸਕ ਖ਼ਾਸ ਇਸ ਦਿਨ ਲਈ ਬਾਹਰਲੇ ਮੁਲਕਾਂ ਤੋਂ ਆਏ ਸਨ। 'ਮੰਨਤ' ਦੇ ਬਾਹਰ ਜੁੜੀ ਭੀੜ ਨੇ ਹੱਥਾਂ ਵਿੱਚ ਮਠਿਆਈ, ਟੀ-ਸ਼ਰਟਾਂ ਅਤੇ ਵੱਡੇ ਬੈਨਰ ਫੜੇ ਹੋਏ ਸਨ। ਪ੍ਰਸ਼ੰਸਕਾਂ ਨੇ ਬਾਲੀਵੁੱਡ ਦੇ 'ਡੌਨ' ਦੀ ਇੱਕ ਝਲਕ ਦੇਖਣ ਲਈ ਘੰਟਿਆਂਬੱਧੀ ਉਡੀਕ ਕੀਤੀ। ਇਸ ਦੌਰਾਨ ਸ਼ਾਹਰੁਖ ਖ਼ਾਨ ਨੇ ਬਾਹਰ ਆ ਕੇ ਪ੍ਰਸ਼ੰਸਕਾਂ ਦੀਆਂ ਸ਼ੁਭਕਾਮਨਾਵਾਂ ਕਬੂਲੀਆਂ ਤੇ ਇੰਨੇ ਸਾਲਾਂ ਤੋਂ ਉਸ ਨੂੰ ਅਥਾਹ ਪਿਆਰ ਕਰਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਅਦਾਕਾਰ ਦੇ 57ਵੇਂ ਜਨਮ ਦਿਨ ਮੌਕੇ 28 ਪੀਵੀਆਰ ਸਿਨੇਮਾਘਰਾਂ ਵਿੱਚ ਉਸ ਦੀ ਹਿੱਟ ਫਿਲਮ 'ਦਿਲਵਾਲੇ ਦੁਲਹਨੀਆ ਲੇ ਜਾਏਂਗੇ' ਅੱਜ ਮੁੜ ਰਿਲੀਜ਼ ਕੀਤੀ ਗਈ। ਇਹ ਫਿਲਮ ਮੁੰਬਈ, ਦਿੱਲੀ ਐੱਨਸੀਆਰ, ਪੁਣੇ, ਅਹਿਮਦਾਬਾਦ, ਬੰਗਲੁਰੂ, ਚੇਨੱਈ, ਹੈਦਰਾਬਾਦ, ਕੋਲਕਾਤਾ ਤੇ ਚੰਡੀਗੜ੍ਹ ਸਣੇ 18 ਸ਼ਹਿਰਾਂ ਦੇ 28 ਸਿਨੇਮਾਘਰਾਂ ਵਿੱਚ ਰਿਲੀਜ਼ ਕੀਤੀ ਗਈ। ਸ਼ਾਹਰੁਖ ਨੇ ਕਿਹਾ, 'ਇਹ ਫਿਲਮ ਮੇਰੇ ਲਈ ਬਹੁਤ ਹੀ ਖ਼ਾਸ ਹੈ ਤੇ ਮੇਰੇ ਜਨਮ ਦਿਨ ਮੌਕੇ ਅਜਿਹਾ ਤੋਹਫ਼ਾ ਮਿਲਣਾ ਮੇਰੇ ਲਈ ਖ਼ੁਸ਼ੀ ਦੀ ਗੱਲ ਹੈ।' ਫਿਲਮ ਨਿਰਮਾਤਾ ਤੇ ਕੋਰੀਓਗ੍ਰਾਫਰ ਫਰਹਾ ਖ਼ਾਨ ਨੇ ਵੀ ਸ਼ਾਹਰੁਖ ਖਾਨ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਤੇ ਆਖਿਆ, 'ਸ਼ਾਹਰੁਖ ਕਰਕੇ ਹੀ ਉਹ ਫਿਲਮ ਨਿਰਮਾਤਾ ਬਣੀ।' ਇਸ ਮੌਕੇ ਫਰਹਾ ਨੇ ਅਦਾਕਾਰ ਨਾਲ ਬਿਤਾਏ ਪਲਾਂ ਦੀਆਂ ਤਸਵੀਰਾਂ ਨਾਲ ਬਣਾਈ ਵੀਡੀਓ ਵੀ ਸਾਂਝੀ ਕੀਤੀ ਹੈ। ਫਿਲਮ ਨਿਰਮਾਤਾ ਤੇ ਨਿਰਦੇਸ਼ਕ ਕਰਨ ਜੌਹਰ ਨੇ ਵੀ ਆਪਣੇ ਪੁਰਾਣੇ ਮਿੱਤਰ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੰਦਿਆਂ ਇੱਕ ਭਾਵਪੂਰਨ ਨੋਟ ਸਾਂਝਾ ਕੀਤਾ ਹੈ, ਜਿਸ ਵਿੱਚ ਉਸ ਵੇਲੇ ਦਾ ਜ਼ਿਕਰ ਕੀਤਾ ਗਿਆ ਹੈ, ਜਦੋਂ ਉਹ ਆਪਣੇ ਮਰਹੂਮ ਪਿਤਾ ਯਸ਼ ਜੌਹਰ ਨਾਲ ਫਿਲਮ 'ਕਰਨ ਅਰਜੁਨ' ਦੇ ਸੈੱਟ 'ਤੇ ਪਹਿਲੀ ਵਾਰ ਸ਼ਾਹਰੁਖ ਖ਼ਾਨ ਨੂੰ ਮਿਲਣ ਗਿਆ ਸੀ।

## ਸ਼ਾਹਰੁਖ ਦੀ 'ਪਠਾਨ' ਦਾ ਟੀਜ਼ਰ ਰਿਲੀਜ਼




ਮੁੰਬਈ-ਅਦਾਕਾਰ ਸ਼ਾਹਰੁਖ ਖ਼ਾਨ ਦੀ ਲੰਬੇ ਸਮੇਂ ਤੋਂ ਉਡੀਕੀ ਜਾ ਰਹੀ ਫਿਲਮ 'ਪਠਾਨ' ਦਾ ਟੀਜ਼ਰ ਅੱਜ ਉਸ ਦੇ ਜਨਮ ਦਿਨ ਮੌਕੇ ਰਿਲੀਜ਼ ਕੀਤਾ ਗਿਆ ਹੈ। ਯਸ਼ ਰਾਜ ਦੇ ਬੈਨਰ ਹੇਠ ਬਣ ਰਹੀ ਇਸ ਫਿਲਮ ਦਾ 1.25 ਮਿੰਟ ਲੰਬਾ ਟੀਜ਼ਰ ਯਸ਼ ਰਾਜ ਫਿਲਮਜ਼ ਦੇ ਟਵਿੱਟਰ ਅਕਾਊਂਟ 'ਤੇ ਸਾਂਝਾ ਕੀਤਾ ਕਰਦਿਆਂ ਕਿਹਾ ਗਿਆ ਹੈ, 'ਅਪਨੀ ਕੁਰਸੀ ਕੀ ਪੇਟੀ ਬਾਂਧ ਲੀਜੀਏ... ਪਠਾਨ ਦਾ ਟੀਜ਼ਰ... 25 ਜਨਵਰੀ 2023 ਨੂੰ ਫਿਲਮ ਤੁਹਾਡੇ ਨੇੜਲੇ ਸਿਨੇਮਾਘਰਾਂ ਵਿੱਚ ਕੀਤੀ ਜਾਵੇਗੀ ਰਿਲੀਜ਼।'

## ਸ਼ਾਹਰੁਖ ਦੀ 'ਪਠਾਨ' 'ਚ ਖਲਨਾਇਕ ਬਣਿਆ ਜਾਨ ਅਬਰਾਹਮ




'ਏਕ ਵਿਲੇਨ ਰਿਟਰਨਜ਼' ਦੀ ਸਫਲਤਾ ਤੋਂ ਬਾਅਦ ਜਾਨ ਅਬਰਾਹਮ ਇੱਕ ਵਾਰ ਫਿਰ ਫਿਲਮ 'ਪਠਾਨ' ਵਿਚ ਖਲਨਾਇਕ ਵਜੋਂ ਧਮਾਕੇਦਾਰ ਕਿਰਦਾਰ ਨਿਭਾਏਗਾ। ਸੁਪਰਸਟਾਰ ਸ਼ਾਹਰੁਖ ਦੀ ਇਹ ਫਿਲਮ ਅਗਲੇ ਸਾਲ ਜਨਵਰੀ ਵਿੱਚ ਰਿਲੀਜ਼ ਹੋਵੇਗੀ। ਸ਼ਾਹਰੁਖ ਇਸ ਫਿਲਮ ਜ਼ਰੀਏ ਪੰਜ ਸਾਲਾਂ ਬਾਅਦ ਵੱਡੇ ਪਰਦੇ ਉਤੇ ਵਾਪਸੀ ਕਰ ਰਿਹਾ ਹੈ। ਇਸ ਫਿਲਮ ਦਾ ਡਾਇਰੈਕਟਰ ਸਿਧਾਰਥ ਆਨੰਦ ਹੈ ਅਤੇ ਦੀਪਿਕਾ ਪਾਦੂਕੋਣ ਮੇਨ ਲੀਡ ਵਿੱਚ ਹੈ। ਜਾਨ ਅਬਰਾਹਮ ਨੇ ਟਵਿੱਟਰ ਉਤੇ ਇਸ ਫਿਲਮ ਵਿਚਲੀ ਆਪਣੀ ਪਹਿਲੀ ਦਿੱਖ ਜਾਰੀ ਕੀਤੀ, ਜਿਸ ਵਿੱਚ ਉਹ ਹਥਿਆਰ ਚੁੱਕੀ ਨਜ਼ਰ ਆ ਰਿਹਾ ਹੈ। ਇਹ ਫਿਲਮ 25 ਜਨਵਰੀ ਨੂੰ ਹਿੰਦੀ, ਤਾਮਿਲ ਅਤੇ ਤੇਲਗੂ ਭਾਸ਼ਾ ਵਿੱਚ ਰਿਲੀਜ਼ ਹੋਵੇਗੀ। ਸਿਧਾਰਥ ਆਨੰਦ ਨੇ ਆਖਿਆ ਕਿ ਇਸ ਫਿਲਮ ਵਿੱਚ ਜਾਨ ਵਿਲੇਨ ਦੀ ਭੂਮਿਕਾ ਨਿਭਾ ਰਿਹਾ ਹੈ, ਪਰ ਉਸ ਦਾ ਕਿਰਦਾਰ ਨਾਇਕ ਵਾਂਗ ਹੀ ਵਧੀਆ ਹੈ। ਉਸ ਨੇ ਹਮੇਸ਼ਾ ਇਸ ਤੱਥ ਉਤੇ ਭਰੋਸਾ ਕੀਤਾ ਹੈ ਕਿ ਖਲਨਾਇਕ ਦੀ ਪੇਸ਼ਕਾਰੀ ਵੀ ਵੱਡੀ ਹੋਣੀ ਚਾਹੀਦੀ ਹੈ ਭਾਵੇਂ ਉਹ ਨਾਇਕ ਤੋਂ ਵੱਡੀ ਨਾ ਹੋਵੇ। ਇਸ ਤੋਂ ਇੱਕ ਮਹੀਨਾ ਪਹਿਲਾਂ ਫਿਲਮ ਨਿਰਮਾਤਾਵਾਂ ਨੇ ਦੀਪਿਕਾ ਦੀ ਪਹਿਲੀ ਦਿੱਖ ਜਾਰੀ ਕੀਤੀ ਸੀ।



# ਲਵ ਮੈਰਿਜ ਦੀ ਤਮੰਨਾ ਹੈ-ਪ੍ਰਭਾਸ

ਆਪਣੇ ਸਰਗਰਮ ਕਰੀਅਰ ਵਿਚ 40 ਤੋਂ ਜ਼ਿਆਦਾ ਫ਼ਿਲਮਾਂ ਕਰ ਚੁੱਕੇ ਪ੍ਰਭਾਸ ਲਈ 'ਬਾਹੂਬਲੀ' ਲੜੀ ਦਿਲ ਦੇ ਬੇਹੱਦ ਨੇੜੇ ਹੈ। ਫ਼ਿਲਮ ਦੇ ਦੋ ਹਿੱਸੇ ਆਉਣ ਤੋਂ ਬਾਅਦ ਪ੍ਰਭਾਸ ਦੇ ਪ੍ਰਸ਼ੰਸਕਾਂ ਦੀ ਗਿਣਤੀ ਵਿਚ ਅਚਾਨਕ ਕਾਫ਼ੀ ਵਾਧਾ ਹੋ ਗਿਆ ਸੀ, ਜਿਸ ਤਰ੍ਹਾਂ ਰਾਜੇਸ਼ ਖੰਨਾ ਨੂੰ ਕਦੀ ਉਨ੍ਹਾਂ ਦੇ ਚਹੇਤੇ ਪਾਗਲਪਨ ਦੀ ਹੱਦ ਤਕ ਪਸੰਦ ਕਰਦੇ ਸਨ, ਕੁਝ ਉਂਝ ਦਾ ਹੀ ਨਜ਼ਾਰਾ ਪ੍ਰਭਾਸ ਲਈ ਵੀ ਨਜ਼ਰ ਆਉਣ ਲੱਗਿਆ ਸੀ। ਉਸ ਸਮੇਂ ਪ੍ਰਭਾਸ ਨੂੰ ਲਗਭਗ 500 ਤੋਂ ਜ਼ਿਆਦਾ ਵਿਆਹ ਦੀਆਂ ਪੇਸ਼ਕਸ਼ਾਂ ਮਿਲੀਆਂ। ਪ੍ਰਭਾਸ ਦੀ ਮਾਂ ਵੀ ਚਾਹੁੰਦੀ ਸੀ ਕਿ ਪ੍ਰਭਾਸ ਵਿਆਹ ਕਰਾ ਲਵੇ ਪਰ ਕਰੀਅਰ ਵਿਚ ਰੁਝੇਵਿਆਂ ਦੇ ਚਲਦਿਆਂ ਪ੍ਰਭਾਸ ਨੇ ਉਹ ਸਭ ਪ੍ਰਸਤਾਵ ਨਕਾਰ ਦਿੱਤੇ। ਫ਼ਿਲਮ 'ਸਾਲਾਰ' ਦੀ ਸ਼ੂਟਿੰਗ ਪ੍ਰਭਾਸ ਨੇ ਪੂਰੀ ਕਰ ਲਈ ਹੈ। ਇਸ ਫ਼ਿਲਮ ਦੀ ਸ਼ੂਟਿੰਗ ਦੌਰਾਨ ਉਨ੍ਹਾਂ ਦੇ ਗੋਡੇ 'ਤੇ ਸੱਟ ਲੱਗੀ ਸੀ, ਜਿਸ ਲਈ ਉਨ੍ਹਾਂ ਨੂੰ ਬਾਰਸੀਲੋਨਾ ਜਾ ਕੇ ਸਰਜਰੀ ਕਰਵਾਉਣੀ ਪਈ ਤਾਂ ਕਿਤੇ ਜਾ ਕੇ ਉਨ੍ਹਾਂ ਨੂੰ ਉਸ ਸੱਟ ਤੋਂ ਰਾਹਤ ਮਿਲ ਸਕੀ ਸੀ। ਪੇਸ਼ ਹੈ ਪ੍ਰਭਾਸ ਨਾਲ ਕੀਤੀ ਗਈ ਗੱਲਬਾਤ ਦੇ ਮੁੱਖ ਅੰਸ਼ :








**• ਆਪਣੀ ਆਉਣ ਵਾਲੀ ਫ਼ਿਲਮ 'ਸਾਲਾਰ' ਬਾਰੇ ਕੁਝ ਦੱਸੋ ?**

-ਇਹ ਇਕ ਐਕਸ਼ਨ, ਰੋਮਾਂਚਕ ਫ਼ਿਲਮ ਹੈ। ਇਸ ਵਿਚ ਦਰਸ਼ਕਾਂ ਨੂੰ ਜ਼ਬਰਦਸਤ ਐਕਸ਼ਨ ਦੇਖਣ ਨੂੰ ਮਿਲੇਗਾ। ਫ਼ਿਲਮ ਵਿਚ ਮੇਰੀ ਦੋਹਰੀ ਭੂਮਿਕਾ ਹੈ। ਇਸ ਵਿਚ ਸ਼ਰੁਤੀ ਹਸਨ ਅਤੇ ਜਗਪਤੀ ਬਾਬੂ ਵੀ ਹਨ। ਇਹ ਅਗਲੇ ਸਾਲ ਆਵੇਗੀ। ਇਸ ਨੂੰ ਪ੍ਰਸ਼ਾਂਤ ਨੀਲ ਨੇ ਨਿਰਦੇਸ਼ਤ ਕੀਤਾ ਹੈ। ਉਹ ਇਕ ਬੇਹੱਦ ਹੁਨਰਮੰਦ ਨਿਰਦੇਸ਼ਕ ਹਨ। ਉਨ੍ਹਾਂ ਦੀ ਪਿਛਲੀ ਫ਼ਿਲਮ 'ਕੇ.ਜੀ.ਐਫ.-2' ਨੇ ਮਹਿਜ 21 ਦਿਨ ਵਿਚ 1100 ਕਰੋੜ ਦਾ ਰਿਕਾਰਡ ਤੋੜ ਕਾਰੋਬਾਰ ਕੀਤਾ ਸੀ। ਫ਼ਿਲਮ ਦੇ ਸਿਰਫ਼ ਹਿੰਦੀ ਭਾਗ ਦੀ ਕਮਾਈ ਹੀ 400 ਕਰੋੜ ਤੋਂ ਜ਼ਿਆਦਾ ਸੀ।

**• 'ਆਦਿਪੁਰਸ਼' ਵਿਚ ਤੁਸੀਂ ਭਗਵਾਨ ਰਾਮ ਦੀ ਭੂਮਿਕਾ ਨਿਭਾ ਰਹੇ ਹੋ। ਇਸ ਨੂੰ ਲੈ ਕੇ ਇਨ੍ਹੀਂ ਦਿਨੀਂ ਕਾਫ਼ੀ ਵਿਵਾਦ ਪੈਦਾ ਹੋ ਰਿਹਾ ਹੈ ?**

-ਸਾਰੀ ਵਿਵਾਦ ਫਜ਼ੂਲ ਹੈ। ਅਸੀਂ ਇਕ ਬਹੁਤ ਚੰਗੀ ਫ਼ਿਲਮ ਬਣਾਈ ਹੈ। ਉਸ ਵਿਚ ਰਾਮਾਇਣ ਨੂੰ ਇਕ ਨਵੇਂ ਨਜ਼ਰੀਏ ਤੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਾਨੂੰ ਇਸ ਫ਼ਿਲਮ ਤੋਂ ਬਹੁਤ ਉਮੀਦ ਹੈ। ਫ਼ਿਲਮ 'ਤੇ ਰਾਮਾਇਣ ਦੇ ਇਸਲਾਮੀਕਰਨ ਦਾ ਜੋ ਦੋਸ਼ ਲਗ ਰਿਹਾ ਹੈ, ਉਹ ਗ਼ਲਤ ਫ਼ਹਿਮੀ ਫ਼ਿਲਮ ਦੇਖਣ ਤੋਂ ਬਾਅਦ ਪੂਰੀ ਤਰ੍ਹਾਂ ਦੂਰ ਹੋ ਜਾਵੇਗੀ। ਇਥੇ ਇਕ ਗੱਲ ਹੋਰ ਕਹਿਣੀ ਚਾਹਾਂਗਾ ਕਿ ਫ਼ਿਲਮ ਵਿਚ ਸੈਫ਼ ਦਾ ਕੰਮ ਮੇਰੇ ਮੁਕਾਬਲੇ ਕਿਤੇ ਜ਼ਿਆਦਾ ਚੰਗਾ ਹੈ।

**• ਅੱਜ ਸਨਅਤ ਦੇ ਜੋ ਹਾਲਾਤ ਹਨ, ਉਨ੍ਹਾਂ ਨੂੰ ਦੇਖਦੇ ਹੋਏ ਹਰ ਕੋਈ ਆਪਣੀ ਕੀਮਤ ਘੱਟ ਕਰਨ ਲੱਗਿਆ ਹੋਇਆ ਹੈ ਪਰ ਇਸ ਸਭ ਦੇ ਉਲਟ 'ਰਾਧੇਸ਼ਿਆਮ' ਫਲਾਪ ਹੋਣ ਦੇ ਬਾਵਜੂਦ ਤੁਸੀਂ ਆਪਣੀ ਫੀਸ ਵਿਚ ਅਚਾਨਕ ਵਾਧਾ ਕਰ ਦਿੱਤਾ। ਕੀ ਇਸ ਤਰ੍ਹਾਂ ਤੁਸੀਂ ਇਹ ਦੱਸਣਾ ਚਾਹੁੰਦੇ ਹੋ ਕਿ ਫ਼ਿਲਮ ਦੇ ਫਲਾਪ ਹੋਣ ਦੇ ਬਾਵਜੂਦ ਤੁਹਾਡੀ ਸਟਾਰ ਕੀਮਤ 'ਚ ਕੋਈ ਫ਼ਰਕ ਨਹੀਂ ਪਿਆ ?**

-ਸੱਚ ਤਾਂ ਇਹ ਹੈ ਕਿ ਦੂਜੇ ਅਦਾਕਾਰਾਂ ਦੀ ਤਰ੍ਹਾਂ ਮੈਂ ਵੀ ਆਪਣੀ ਕੀਮਤ ਘੱਟ ਕੀਤੀ ਹੈ ਪਰ ਨਿਰਮਾਤਾ ਅਸ਼ਵਨੀ ਦੱਤ ਦੀ ਫ਼ਿਲਮ 'ਪ੍ਰੋਜੈਕਟ ਕੇ' ਨੂੰ ਕਾਫ਼ੀ ਵੱਡੇ ਪੱਧਰ 'ਤੇ ਬਣਾਇਆ ਜਾ ਰਿਹਾ ਹੈ, ਉਸ ਲਈ ਮੈਨੂੰ ਮੇਰੀ ਮਾਰਕੀਟ ਕੀਮਤ ਥੋੜ੍ਹੀ ਜ਼ਿਆਦਾ ਮਿਲੀ ਹੈ।

**• ਪ੍ਰੋਜੈਕਟ ਕੇ' ਕਿਸ ਤਰ੍ਹਾਂ ਦੀ ਫ਼ਿਲਮ ਹੈ, ਇਸ ਬਾਰੇ ਦੱਸੋ ?**

-ਇਹ 'ਅਵੇਂਜਰਸ' ਵਾਂਗ ਹਰ ਕਿਸੇ ਨੂੰ ਹੈਰਾਨ ਕਰ ਦੇਣ ਵਾਲੀ ਫ਼ਿਲਮ ਹੋਵੇਗੀ। ਫ਼ਿਲਮ ਵਿਚ ਬੱਚਨ ਸਰ ਅਤੇ ਮੈਂ ਕਦੀ ਨਾ ਦੇਖੇ ਗਏ ਅਵਤਾਰਾਂ ਵਿਚ ਨਜ਼ਰ ਆਵਾਂਗੇ। ਇਸ ਵਿਚ ਦੀਪਿਕਾ ਪਾਦੂਕੋਨ ਅਤੇ ਦਿਸ਼ਾ ਪਟਾਨੀ ਮੁੱਖ ਭੂਮਿਕਾ ਵਿਚ ਨਜ਼ਰ ਆਉਣਗੀਆਂ। ਫ਼ਿਲਮ ਨੂੰ ਅਗਲੇ ਸਾਲ 18 ਅਕਤੂਬਰ ਨੂੰ ਹਿੰਦੁਸਤਾਨ ਤੋਂ ਇਲਾਵਾ ਚੀਨ, ਅਮਰੀਕਾ ਅਤੇ ਹੋਰ ਕੌਮਾਂਤਰੀ ਬਾਜ਼ਾਰਾਂ ਵਿਚ ਰਿਲੀਜ਼ ਕੀਤਾ ਜਾਵੇਗਾ।




# Gold key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

**TEL : 604 502 0441**

ICBC Online and Delivery available.

ਪੰਜਾਬੀ
हिंदी

| | | | |
|---|---|---|---|
| **SURREY** (604) 502 - 0441 FAX (604) 502-0417 | 5-8430 128TH ST. SURREY, BC V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| **VANCOUVER** (604) 325 - 1241 FAX (604) 325-1414 | 4038 KNIGHT ST. VANCOUVER, BC V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

ICBC autoplan

**OPEN 7 DAYS**

www.goldkeyinsurance.ca

# fruiticana hee jaana!

Your one and only Surrey owned Punjabi store

ਸਰੀ ਦਾ ਹਰਮਨ ਪਿਆਰਾ ਤੁਹਾਡਾ ਆਪਣਾ ਇਕੋ ਇਕ ਪੰਜਾਬੀ ਸਟੋਰ

## LOWEST PRICES IN TOWN

**EXTRA EXTRA SUPER SPECIAL**
Yellow Medium Onions 50 lbs
ਪੀਲੇ ਗੰਢੇ
Unbeatable Price
ਅੱਨਬੀਟਬਲ ਪ੍ਰਾਇਸ
YELLOW ONION
$13.99 bag

**EXTRA SUPER SUPER SPECIAL**
Red Onions 25 lbs
ਲਾਲ ਗੰਢੇ
RED ONIONS
$13.99 bag

Opo Squash
ਓਪੋ ਕੱਦੂ
99¢ lb

**EXTRA SUPER SUPER SPECIAL**
Cilantro
ਧਨੀਆ
2 bunches for 99¢

**SUPER SPECIAL**
Sher Atta Desi Style 20 lbs
ਸ਼ੇਰ ਆਟਾ ਦੇਸੀ ਸਟਾਈਲ
$13.98 bag

Green Elaichi (Cardamom)
ਹਰੀ ਇਲਾਇਚੀ
$15.99 lb

**SUPER SPECIAL**
Urbi (Small Taro)
ਅਰਬੀ (ਛੋਟੀ ਤਾਰੋ)
$1.49 lb

**SUPER SPECIAL**
Almonds
ਬਦਾਮ
$3.98 lb

Zucchini Squash
ਜ਼ੁਕੀਨੀ ਸਕੁਐਸ਼
88¢ lb

Long Eggplants
ਲੰਬੇ ਬਤਾਊਂ
$1.49 lb

**SUPER SPECIAL**
BC Gala Apples
ਬੀਸੀ ਗਾਲਾ ਸੇਬ
88¢ lb

**SUPER SPECIAL**
Chickpeas, Chana Dal & Red Lentil Whole 4 lbs (Indican)
ਚਿੱਟੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ ( ਇੰਡੀਕੈਨ )
$3.88 bag

Russet Potatoes Snoboy 10lbs
ਆਲੂ ਰਸਟ ਸਨੋਬੁਆਏ
$3.98 bag

**SUPER SPECIAL**
Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box

Spinach
ਪਾਲਕ
$1.49 bunch

Green Cabbage BC
ਹਰੀ ਬੰਦ ਗੋਭੀ
59¢ lb

Indian Eggplants
ਦੇਸੀ ਬਤਾਊਂ
$1.49 lb

**Fri Nov 04, 2022 - Wed Nov 09, 2022**
We reserve the right to limit the quantities while they last
**Specials valid for Lower Mainland only**
Product images may differ from the actual product.

**22 LOCATIONS TO SERVE YOU**
Head Office: 7676 Anvil Way, Surrey
604-502-0005
www.fruiticana.com

fruiticana SINCE 1994

BUSINESS HOURS 9AM - 9PM 7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |